14-FEB-PAGE-1.qxd 2/13/2025 8:39 PM Page 1

ਸ਼ੁੱਕਰਵਾਰ, 14 ਫਰਵਰੀ, 2025
3 ਫੱਗਣ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 73
ਅੰਕ/NO. : 255

ਰੋਜ਼ਾਨਾ
ਨਵਾਂ ਜ਼ਮਾਨਾ

DAILY NAWAN ZAMANA • FRIDAY, 14 FEBRUARY, 2025
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਕੀਮਤ/PRICE : 5.00 ਰੁਪਏ | Regd. No : L-4/Pb-JL-0023/2024-26, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ 14,000 ਕਰੋੜ ਦੇ ਬਕਾਏ ਮਿਲਣਗੇ

24-25 ਨੂੰ ਅਸੰਬਲੀ ਦਾ ਵਿਸ਼ੇਸ਼ ਅਜਲਾਸ ਸੱਦਣ ਦਾ ਫੈਸਲਾ

ਚੰਡੀਗੜ੍ਹ (ਗੁਰਜੀਤ ਬਿੱਲਾ)

ਸੂਬਾ ਸਰਕਾਰ ਦੇ ਕਰਮਚਾਰੀਆਂ ਅਤੇ ਪੈਨਸ਼ਨਰਾਂ ਨੂੰ ਇੱਕ ਵੱਡਾ ਤੋਹਫ਼ਾ ਦਿੰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੇ ਪੰਜਾਬ ਮੰਤਰੀ ਮੰਡਲ ਨੇ ਵੀਰਵਾਰ ਉਨ੍ਹਾਂ ਦੇ 14,000 ਕਰੋੜ ਰੁਪਏ ਦੇ ਬਕਾਏ ਜਾਰੀ ਕਰਨ ਨੂੰ ਸਹਿਮਤੀ ਦੇ ਦਿੱਤੀ।ਮੁੱਖ ਮੰਤਰੀ ਦਫਤਰ ਦੇ ਬੁਲਾਰੇ ਨੇ ਦੱਸਿਆ ਕਿ ਸੂਬਾ ਸਰਕਾਰ ਦੇ ਤਿੰਨ ਲੱਖ ਮੁਲਾਜ਼ਮਾਂ ਅਤੇ ਤਿੰਨ ਲੱਖ ਪੈਨਸ਼ਨਰਾਂ ਨੂੰ ਵੱਡੀ ਰਾਹਤ ਦਿੰਦੇ ਹੋਏ ਮੰਤਰੀ ਮੰਡਲ ਨੇ ਇਕ ਜਨਵਰੀ, 2016 ਤੋਂ 30 ਜੂਨ, 2022 ਤੱਕ ਦੇ ਸਮੇਂ ਦੀ ਸੋਧੀ ਹੋਈ ਤਨਖਾਹ/ ਪੈਨਸ਼ਨ ਤੇ ਲੀਵ ਇਨਕੈਸ਼ਮੈਂਟ ਦਾ ਬਕਾਇਆ ਅਤੇ ਇਕ ਜੁਲਾਈ, 2021 ਤੋਂ 31 ਮਾਰਚ, 2024 ਤੱਕ ਦੇ ਡੀ ਏ / ਡੀ ਆਰ ਦਾ ਬਕਾਇਆ ਜਾਰੀ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ। ਇਸ ਬਕਾਏ ਲਈ 14000 ਕਰੋੜ ਦੀ ਰਾਸ਼ੀ ਪੜਾਅਵਾਰ ਜਾਰੀ ਕੀਤੀ ਜਾਵੇਗੀ, ਜਿਸ ਨਾਲ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਅਤਿ ਲੋੜੀਂਦੀ ਰਾਹਤ ਮਿਲੇਗੀ।ਮੰਤਰੀ ਮੰਡਲ ਨੇ 22 ਨਵੀਂਆਂ ਲੋਕ ਅਦਾਲਤਾਂ ਸਥਾਪਤ ਕਰਨ ਲਈ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਵਿੱਚ ਨਵੀਂਆਂ ਅਸਾਮੀਆਂ ਸਿਰਜਣ ਲਈ ਵੀ ਪ੍ਰਵਾਨਗੀ ਦੇ ਦਿੱਤੀ। ਮੰਤਰੀ ਮੰਡਲ ਨੇ ਨਵੇਂ ਬਣੇ ਜ਼ਿਲ੍ਹਾ ਮਲੇਰਕੋਟਲਾ ਵਿੱਚ ਸਹਾਇਕ ਡਾਇਰੈਕਟਰ, ਸੀਨੀਅਰ ਸਹਾਇਕ ਅਤੇ ਸੇਵਾਦਾਰ ਦੀਆਂ ਤਿੰਨ ਨਵੀਂਆਂ ਅਸਾਮੀਆਂ ਸਿਰਜਣ ਨੂੰ ਵੀ ਪ੍ਰਵਾਨਗੀ ਦੇ ਦਿੱਤੀ। ਕਰ ਵਿਭਾਗ ਵਿੱਚ ਮਨੁੱਖੀ ਵਸੀਲਿਆਂ ਦੀ ਸਹੀ ਵਰਤੋਂ ਕਰ ਕੇ ਸੂਬੇ ਵਿੱਚ ਟੈਕਸਾਂ ਦੀ ਚੋਰੀ ਰੋਕਣ ਲਈ ਮੰਤਰੀ ਮੰਡਲ ਨੇ ਵਿਭਾਗ ਵਿੱਚ 476 ਨਵੀਂਆਂ ਅਸਾਮੀਆਂ ਦੀ ਸਿਰਜਣਾ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਹੈ।ਮੰਤਰੀ ਮੰਡਲ ਨੇ ਵਿਭਾਗ ਵਿੱਚ ਇੰਸਪੈਕਟਰਾਂ ਦੀਆਂ ਅਸਾਮੀਆਂ ਦਾ ਨਾਂਅ ਬਦਲਣ ਨੂੰ ਹਰੀ ਝੰਡੀ ਦੇ ਦਿੱਤੀ, ਜਿਸ ਨਾਲ ਹੁਣ ਵਿਭਾਗ ਦੇ ਇੰਸਪੈਕਟਰਾਂ ਨੂੰ ਸਟੇਟ ਟੈਕਸੇਸ਼ਨ ਅਫਸਰ (ਰਾਜ ਕਰ ਅਧਿਕਾਰੀ) ਵਜੋਂ ਜਾਣਿਆ ਜਾਵੇਗਾ। ਮੰਤਰੀ ਮੰਡਲ ਨੇ ਆਬਕਾਰੀ ਵਿਭਾਗ ਵਿੱਚ ਰੈਗੂਲਰ ਆਧਾਰ 'ਤੇ 53 ਡਰਾਈਵਰਾਂ ਦੀ ਭਰਤੀ ਲਈ ਵੀ ਸਹਿਮਤੀ ਦੇ ਦਿੱਤੀ। ਮੰਤਰੀ ਮੰਡਲ ਨੇ ਐਲੀਮੈਂਟਰੀ ਸਿੱਖਿਆ ਵਿਭਾਗ ਵਿੱਚ ਸਰੀਰਕ ਸਿਖਲਾਈ ਇੰਸਟ੍ਰਕਟਰਾਂ (ਪੀ ਟੀ ਆਈ ਅਧਿਆਪਕਾਂ) ਦੀ ਸਿੱਧੀ ਭਰਤੀ ਲਈ ਨਿਯਮਾਂ ਅਤੇ ਯੋਗਤਾਵਾਂ ਵਿੱਚ ਸੋਧ ਕਰਨ ਲਈ ਵੀ ਹਰੀ ਝੰਡੀ ਦੇ ਦਿੱਤੀ। ਇਸ ਨਾਲ ਆਉਣ ਵਾਲੇ ਦਿਨਾਂ ਵਿੱਚ ਸੂਬੇ ਭਰ ਵਿੱਚ ਅਜਿਹੇ 2000 ਅਧਿਆਪਕਾਂ ਦੀ ਭਰਤੀ ਲਈ ਰਾਹ ਪੱਧਰਾ ਹੋਵੇਗਾ।ਮੰਤਰੀ ਮੰਡਲ ਨੇ ਸਿਹਤ ਅਤੇ ਪਰਵਾਰ ਭਲਾਈ ਵਿਭਾਗ ਵਿੱਚ ਗਰੁੱਪ-ਸੀ ਕਾਡਰ ਦੀਆਂ 822 ਅਸਾਮੀਆਂ ਨੂੰ ਸੁਰਜੀਤ ਕਰਨ ਲਈ ਵੀ ਪ੍ਰਵਾਨਗੀ ਦੇ ਦਿੱਤੀ ਹੈ। ਮੰਤਰੀ ਮੰਡਲ ਨੇ ਡਾ. ਬੀ ਆਰ ਅੰਬੇਡਕਰ ਸਟੇਟ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਿਜ਼ ਐੱਸ ਏ ਐੱਸ ਨਗਰ ਵਿੱਚ ਵੱਖ-ਵੱਖ ਕਾਡਰਾਂ ਦੀਆਂ 97 ਅਸਾਮੀਆਂ ਸਿਰਜਣ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਹੈ।ਨੌਜਵਾਨਾਂ ਲਈ ਰੁਜ਼ਗਾਰ ਦੇ 50,00 ਤੋਂ ਵੱਧ ਮੌਕੇ ਪੈਦਾ ਕਰਨ ਦੇ ਉਦੇਸ਼ ਨਾਲ ਮੰਤਰੀ ਮੰਡਲ ਨੇ ਅੰਮ੍ਰਿਤਸਰ-ਕੋਲਕਾਤਾ ਇੰਡਸਟਰੀਅਲ ਕੋਰੀਡੋਰ (ਏ ਕੇ ਆਈ ਸੀ) ਪ੍ਰਾਜੈਕਟ ਦੇ ਹਿੱਸੇ ਵਜੋਂ ਰਾਜਪੁਰਾ ਵਿਖੇ ਇੰਟੇਗ੍ਰੇਟਿਡ ਮੈਨੂਫੈਕਚਰਿੰਗ ਕਲਸਟਰ (ਆਈ ਐੱਮ ਸੀ) ਸਥਾਪਤ ਕੀਤਾ ਜਾ ਰਿਹਾ ਹੈ। ਇਸ ਪ੍ਰਾਜੈਕਟ ਨੂੰ ਲਾਗੂ ਕਰਨ ਲਈ ਬਣਾਇਆ ਗਿਆ ਸਪੈਸ਼ਲ ਪਰਪਜ਼ ਵਹੀਕਲ (ਐੱਸ ਪੀ ਵੀ), ਐੱਨ ਆਈ ਸੀ ਡੀ ਸੀ ਪੰਜਾਬ ਇੰਡਸਟਰੀਅਲ ਕੋਰੀਡੋਰ ਡਿਵੈੱਲਪਮੈਂਟ ਕਾਰਪੋਰੇਸ਼ਨ ਲਿਮਟਿਡ ਨੂੰ ਜ਼ਮੀਨ ਦੇ ਤਬਾਦਲੇ ਲਈ ਸਟੈਂਪ ਡਿਊਟੀ, ਰਜਿਸਟ੍ਰੇਸ਼ਨ ਫੀਸ ਅਤੇ ਹੋਰ ਵਾਧੂ ਖਰਚਿਆਂ ਦੀ ਛੋਟ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਹੈ। ਮੰਤਰੀ ਮੰਡਲ ਨੇ ਤੇਜ਼ਾਬ ਹਮਲੇ ਦੇ ਪੀੜਤ ਨੂੰ ਪ੍ਰਤੀ ਮਹੀਨਾ ਦਿੱਤੀ ਜਾਣ ਵਾਲੀ ਵਿੱਤੀ ਸਹਾਇਤਾ 8,000 ਰੁਪਏ ਤੋਂ ਵਧਾ ਕੇ 10,000 ਪ੍ਰਤੀ ਮਹੀਨਾ ਕਰ ਦਿੱਤੀ ਹੈ। ਮੰਤਰੀ ਮੰਡਲ ਨੇ ਪੰਜਾਬ ਵਿਧਾਨ ਸਭਾ ਦੀਆਂ ਵਿਸ਼ੇਸ਼ ਬੈਠਕਾਂ 24 ਤੇ 25 ਫਰਵਰੀ ਤੱਕ ਬੁਲਾਉਣ ਦੀ ਪ੍ਰਵਾਨਗੀ ਦੇ ਦਿੱਤੀ ਹੈ। ਇਸ ਦੋ ਰੋਜ਼ਾ ਸੈਸ਼ਨ ਦੌਰਾਨ ਵਿਧਾਨਕ ਕੰਮਕਾਜ ਹੋਵੇਗਾ।ਮੰਤਰੀ ਮੰਡਲ ਨੇ ਸੂਬੇ ਦੇ ਛੇ ਜ਼ਿਲ੍ਹਿਆਂ ਵਿੱਚ ਵਿਸ਼ੇਸ਼ ਫਾਸਟ ਟਰੈਕ ਐੱਨ ਆਰ ਆਈ ਅਦਾਲਤਾਂ ਸਥਾਪਤ ਕਰਨ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਇਸ ਫੈਸਲੇ ਅਨੁਸਾਰ ਇਹ ਅਦਾਲਤਾਂ ਜਲੰਧਰ, ਹੁਸ਼ਿਆਰਪੁਰ, ਕਪੂਰਥਲਾ, ਸ਼ਹੀਦ ਭਗਤ ਸਿੰਘ ਨਗਰ, ਮੋਗਾ ਅਤੇ ਲੁਧਿਆਣਾ ਵਿਖੇ ਸਥਾਪਤ ਕੀਤੀਆਂ ਜਾਣਗੀਆਂ। ਇਸ ਨਾਲ ਪਰਵਾਸੀ ਭਾਰਤੀਆਂ ਨੂੰ ਛੇਤੀ ਤੋਂ ਛੇਤੀ ਇਨਸਾਫ਼ ਮਿਲਣ ਦੀ ਵਿਵਸਥਾ ਹੋਰ ਬਿਹਤਰ ਹੋਵੇਗੀ, ਜਿਸ ਨਾਲ ਉਨ੍ਹਾਂ ਨੂੰ ਵੱਡੀ ਰਾਹਤ ਮਿਲੇਗੀ। ਮੰਤਰੀ ਮੰਡਲ ਨੇ ਪੇਂਡੂ ਚੌਕੀਦਾਰਾਂ ਦਾ ਮਾਸਿਕ ਮਾਣ-ਭੱਤਾ ਮੌਜੂਦਾ 1250 ਰੁਪਏ ਤੋਂ ਵਧਾ ਕੇ 1500 ਰੁਪਏ ਕਰਨ ਨੂੰ ਵੀ ਪ੍ਰਵਾਨਗੀ ਦੇ ਦਿੱਤੀ। ਲੁਧਿਆਣਾ ਦੇ ਬੁੱਢੇ ਨਾਲੇ ਵਿੱਚ ਗੋਹੇ ਕਾਰਨ ਪੈਦਾ ਹੁੰਦੇ ਪ੍ਰਦੂਸ਼ਣ ਨੂੰ ਰੋਕਣ ਲਈ ਮੰਤਰੀ ਮੰਡਲ ਨੇ ਉਦਯੋਗਿਕ ਸ਼ਹਿਰ ਵਿੱਚ ਅਤਿ-ਆਧੁਨਿਕ ਬਾਇਓ-ਮੀਥੇਨ ਪਲਾਂਟ ਲਾਉਣ ਦੀ ਪ੍ਰਵਾਨਗੀ ਦੇ ਦਿੱਤੀ ਹੈ।

ਇਹ ਪਲਾਂਟ 2.5 ਏਕੜ ਵਿੱਚ ਫੈਲਿਆ ਹੋਵੇਗਾ ਅਤੇ ਇਸ ਦੀ ਰੋਜ਼ਾਨਾ ਦੀ ਸਮਰੱਥਾ 300 ਟਨ ਦੀ ਹੋਵੇਗੀ।ਝੋਨੇ ਦੀ ਪਰਾਲੀ ਦੇ ਢੁਕਵੇਂ ਪ੍ਰਬੰਧਨ ਨੂੰ ਯਕੀਨੀ ਬਣਾਉਣ ਲਈ ਮੰਤਰੀ ਮੰਡਲ ਨੇ ਝੋਨੇ ਦੀ ਪਰਾਲੀ 'ਤੇ ਆਧਾਰਤ ਨਵਾਂ ਬਾਇਲਰ ਸਥਾਪਤ ਕਰਨ ਲਈ ਪੂੰਜੀਗਤ ਸਬਸਿਡੀ ਇਕ ਕਰੋੜ ਰੁਪਏ ਅਤੇ ਮੌਜੂਦਾ ਪਲਾਂਟ ਨੂੰ ਅਪਗ੍ਰੇਡ ਕਰਨ ਲਈ 50 ਲੱਖ ਰੁਪਏ ਸਬਸਿਡੀ ਦੇਣ ਦੀ ਸਹਿਮਤੀ ਦੇ ਦਿੱਤੀ। ਮੰਤਰੀ ਮੰਡਲ ਨੇ ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਸਪੋਰਟਸ ਯੂਨੀਵਰਸਿਟੀ ਪਟਿਆਲਾ ਵਿੱਚ ਅਧਿਆਪਨ ਫੈਕਲਟੀ ਨੂੰ ਯੂ ਜੀ ਸੀ ਸਕੇਲ ਦੇਣ ਲਈ ਵੀ ਹਰੀ ਝੰਡੀ ਦੇ ਦਿੱਤੀ।

ਖੱਬੀਆਂ ਪਾਰਟੀਆਂ ਦਾ ਏਕਾ ਹੀ ਕਾਮਰੇਡ ਸੁੱਜੋਂ ਨੂੰ ਸੱਚੀ ਸ਼ਰਧਾਂਜਲੀ

ਬੰਗਾ (ਅਵਤਾਰ ਕਲੇਰ)

ਮਰਹੂਮ ਆਗੂ ਕਾਮਰੇਡ ਨਰੰਜਣ ਸਿੰਘ ਸੁੱਜੋਂ ਦੀ ਸੱਤਵੀਂ ਬਰਸੀ ਸੀ ਪੀ ਆਈ, ਆਰ ਐੱਮ ਪੀ ਆਈ, ਸੀ ਪੀ ਆਈ (ਐੱਮ), ਸੀ ਪੀ ਆਈ (ਐੱਮ ਐਲ) ਵੱਲੋਂ ਸਾਂਝੇ ਤੌਰ 'ਤੇ ਸੀ ਪੀ ਆਈ ਦਫਤਰ ਬੰਗਾ ਰੋਡ ਨਵਾਂ ਸ਼ਹਿਰ ਵਿਖੇ ਵੀਰਵਾਰ ਮਨਾਈ ਗਈ। ਸ਼ਰਧਾਂਜਲੀ ਸਮਾਰੋਹ ਦੀ ਪ੍ਰਧਾਨਗੀ ਦਸੌਂਧਾ ਸਿੰਘ, ਚਰਨਜੀਤ ਦੌਲਤਪੁਰ, ਸਤਨਾਮ ਗੁਲਾਟੀ ਤੇ ਜਸਵੀਰ ਦੀਪ ਨੇ ਸਾਂਝੇ ਤੌਰ 'ਤੇ ਕੀਤੀ। ਸੀਨੀਅਰ ਪੱਤਰਕਾਰ ਤੇ ਲੇਖਕ ਜਤਿੰਦਰ ਪਨੂੰ, ਹਰਦੇਵ ਸਿੰਘ ਅਰਸ਼ੀ ਸਾਬਕਾ ਵਿਧਾਇਕ, ਆਰ ਐੱਮ ਪੀ ਆਈ ਦੇ ਕੌਮੀ ਜਨਰਲ ਸਕੱਤਰ ਮੰਗਤ ਰਾਮ ਪਾਸਲਾ, ਚੰਦ ਫਤਿਹਪੁਰੀ ਸੰਪਾਦਕ ਰੋਜ਼ਾਨਾ 'ਨਵਾਂ ਜ਼ਮਾਨਾ', ਅੰਗਦ ਸਿੰਘ ਸਾਬਕਾ ਵਿਧਾਇਕ ਨਵਾਂ ਸ਼ਹਿਰ, ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਕੌਮੀ ਜਨਰਲ ਸਕੱਤਰ ਗੁਲਜ਼ਾਰ ਸਿੰਘ ਗੋਰੀਆ, ਦੇਵੀ ਕੁਮਾਰੀ ਸਰਹਾਲੀ ਕਲਾਂ ਜਨਰਲ ਸਕੱਤਰ ਪੰਜਾਬ ਖੇਤ ਮਜ਼ਦੂਰ ਸਭਾ, ਸੀ ਪੀ ਆਈ (ਐੱਮ) ਦੇ ਆਗੂ ਮਹਾਂ ਸਿੰਘ ਰੋੜੀ, ਸੀ ਪੀ ਆਈ (ਐੱਮ ਐੱਲ) ਆਗੂ ਐਡਵੋਕੇਟ ਦਲਜੀਤ ਸਿੰਘ ਆਦਿ ਆਗੂਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਕਾਮਰੇਡ ਨਰੰਜਣ ਸਿੰਘ ਸੁੱਜੋਂ ਨੂੰ ਇਹੋ ਹੀ ਸੱਚੀ ਸ਼ਰਧਾਂਜਲੀ ਹੋਵੇਗੀ ਕਿ ਖੱਬੀਆਂ ਪਾਰਟੀਆਂ ਦਾ ਏਕਾ ਜ਼ਰੂਰੀ ਹੈ। ਅੱਜ ਜੋ ਦੇਸ਼ ਦੇ ਹਾਲਾਤ ਹਨ, ਉਸ ਦਾ ਸਾਹਮਣਾ ਕਰਨ ਲਈ ਆਪਸੀ ਗਿਲੇ-ਸ਼ਿਕਵੇ ਭੁਲਾ ਕੇ ਸੰਘਰਸ਼ ਉਲੀਕੇ ਜਾਣ ਅਤੇ ਲੜਾਈ ਰਲ-ਮਿਲ ਕੇ ਹੀ ਜਿੱਤੀ ਜਾ ਸਕਦੀ ਹੈ। ਬੁਲਾਰਿਆਂ ਕਿਹਾ ਕਿ ਸਾਥੀ ਸੁੱਜੋਂ ਮਜ਼ਦੂਰਾਂ, ਕਿਸਾਨਾਂ, ਕਿਰਤੀਆਂ ਦੇ ਸਾਂਝੇ ਆਗੂ ਸਨ। ਕਾਮਰੇਡ ਸੁੱਜੋਂ ਨੇ ਕਾਮਰੇਡ ਤੇਜਾ ਸਿੰਘ ਸੁਤੰਤਰ ਦੀ ਅਗਵਾਈ ਹੇਠ ਦੇਸ਼ ਨੂੰ ਅੰਗਰੇਜ਼ਾਂ ਤੋਂ ਆਜ਼ਾਦ ਕਰਵਾਉਣ ਲਈ ਦੇਸ਼ ਭਗਤਾਂ ਨਾਲ ਰਲ ਕੇ ਲੜਾਈ ਲੜੀ ਅਤੇ ਅਜ਼ਾਦੀ ਤੋਂ ਮਜ਼ਦੂਰਾਂ, ਕਿਸਾਨਾਂ ਅਤੇ ਕਿਰਤੀ ਲੋਕਾਂ ਦੇ ਹੱਕਾਂ ਲਈ ਅਨੇਕਾਂ ਹੀ ਸੰਘਰਸ਼ ਕੀਤੇ, ਕਤਲ ਦਾ ਮੁਕੱਦਮਾ ਵੀ ਝੱਲਿਆ ਅਤੇ ਕਈ ਵਾਰ ਜੇਲ੍ਹ ਯਾਤਰਾ ਵੀ ਕੀਤੀ। ਨਵਾਂ ਸ਼ਹਿਰ ਵਿਖੇ 10 ਮਰਲੇ ਦਾ ਪਲਾਟ ਖਰੀਦ ਕੇ ਸੀ ਪੀ ਆਈ ਦਾ ਦਫਤਰ ਬਣਾਇਆ ਅਤੇ ਫਰਨੀਚਰ ਆਦਿ ਦਾ ਵੀ ਖੁਦ ਹੀ ਇੰਤਜ਼ਾਮ ਕੀਤਾ। ਸਾਥੀ ਸੁੱਜੋਂ ਆਖ਼ਰੀ ਸਾਹਾਂ ਤੱਕ ਆਪਣੀ ਪੈਨਸ਼ਨ ਦਾ ਬਹੁਤਾ ਹਿੱਸਾ ਪਾਰਟੀ ਦਫਤਰ ਅਤੇ ਪਾਰਟੀ ਦੇ ਕੰਮਾਂ 'ਤੇ ਹੀ ਖਰਚਦੇ ਸਨ। ਕਾਮਰੇਡ ਸੁੱਜੋਂ ਨੇ ਲਾਲ ਝੰਡੇ ਦੀ ਗੁੜ੍ਹਤੀ ਆਪਣੇ ਬੱਚਿਆਂ ਨੂੰ ਵੀ ਦਿੱਤੀ।ਅੱਜ ਵੀ ਸਾਰਾ ਪਰਵਾਰ ਮਾਤਾ ਮਹਿੰਦਰ ਕੌਰ ਸੁੱਜੋਂ, ਨਰਿੰਦਰ ਸਿੰਘ ਸੁੱਜੋਂ, ਕੁਲਦੀਪ ਸਿੰਘ ਸੁੱਜੋਂ, ਨਰਜੀਤ ਸਿੰਘ ਸੁੱਜੋਂ ਨੇ ਵਿਦੇਸ਼ ਵਿੱਚ ਰਹਿਣ ਦੇ ਬਾਵਜੂਦ ਲਾਲ ਝੰਡਾ ਉੱਚਾ ਚੁੱਕਿਆ ਹੈ ਅਤੇ ਪਾਰਟੀ ਦੇ ਹਰੇਕ ਪ੍ਰੋਗਰਾਮ ਵਿੱਚ ਆਪਣਾ ਯੋਗਦਾਨ ਪਾਉਂਦੇ ਹਨ।

ਕੇਂਦਰ ਸਰਕਾਰ ਬਾਰੇ ਬੁਲਾਰਿਆਂ ਨੇ ਕਿਹਾ ਕਿ 2014 'ਚ ਮੋਦੀ ਸਰਕਾਰ ਆਉਣ ਨਾਲ ਦੇਸ਼ 'ਚ ਧਰਮ ਨਿਰਪੱਖਤਾ ਨੂੰ ਖਤਰਾ ਪੈਦਾ ਹੋ ਗਿਆ ਹੈ। ਆਰ ਐੱਸ ਐੱਸ ਦੇ ਇਸ਼ਾਰੇ 'ਤੇ ਮੋਦੀ ਸਰਕਾਰ ਵੱਲੋਂ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਲੇਖਕਾਂ, ਪੱਤਰਕਾਰਾਂ, ਬੁੱਧੀਜੀਵੀਆਂ ਨੂੰ ਬਿਨਾਂ ਕਾਰਨ ਜੇਲ੍ਹਾਂ ਵਿੱਚ ਸੁੱਟਿਆ ਜਾ ਰਿਹਾ ਹੈ। ਪਾਰਲੀਮੈਂਟ 'ਚ ਬਿਨਾਂ ਬਹਿਸ ਦੇ ਬਿੱਲ ਪਾਸ ਹੋ ਰਹੇ ਹਨ। ਜਿਹੜੇ ਲੋਕ ਕੇਂਦਰ ਸਰਕਾਰ ਦਾ ਵਿਰੋਧ ਕਰ ਰਹੇ ਹਨ, ਉਨ੍ਹਾਂ ਨੂੰ ਸੀ ਬੀ ਆਈ ਅਤੇ ਹੋਰ ਏਜੰਸੀਆਂ ਰਾਹੀਂ ਡਰਾਇਆ-ਧਮਕਾਇਆ ਜਾ ਰਿਹਾ ਹੈ ਅਤੇ ਪਾਕਿਸਤਾਨ ਜਾਣ ਲਈ ਕਿਹਾ ਜਾ ਰਿਹਾ ਹੈ। ਅੱਜ ਦੇਸ਼ ਦਾ ਸੰਵਿਧਾਨ ਖਤਰੇ 'ਚ ਹੈ। ਘੱਟ ਗਿਣਤੀਆਂ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਰਹੀਆਂ ਹਨ।ਇੱਕ ਦੇਸ਼ ਇੱਕ ਚੋਣ ਦਾ ਫਾਰਮੂਲਾ ਦੇਸ਼ ਲਈ ਘਾਤਕ ਹੈ।⊘⊘⊘ਫਿਰਕਾਪ੍ਰਸਤ ਤਾਕਤਾਂ ਦਾ ਟਾਕਰਾ ਕਰਨ ਲਈ ਕਮਿਊਨਿਸਟ ਪਾਰਟੀਆਂ ਦਾ ਇਕੱਠੀਆਂ ਹੋਣਾ ਜ਼ਰੂਰੀ ਹੈ। ਅਸੀਂ ਇਕੱਠੇ ਹੋਵਾਂਗੇ ਤਾਂ ਦੇਸ਼ ਭਗਤ ਲੋਕ, ਸੈਕੂਲਰ ਲੋਕ ਸਾਡੇ ਨਾਲ ਅਉਣਗੇ ਅਤੇ ਅਸੀਂ ਮਜ਼ਬੂਤ ਹੋਵਾਂਗੇ।

ਸੀ ਪੀ ਆਈ

● ਬਾਕੀ ਸਫ਼ਾ 2 'ਤੇ

ਪੰਚਾਇਤ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ 31 ਮਈ ਤੋਂ ਪਹਿਲਾਂ

ਚੰਡੀਗੜ੍ਹ : ਪੰਜਾਬ ਸਰਕਾਰ ਨੇ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਦੀਆਂ ਚੋਣਾਂ 31 ਮਈ ਤੋਂ ਪਹਿਲਾਂ ਕਰਵਾਉਣ ਦਾ ਫੈਸਲਾ ਕੀਤਾ ਹੈ। ਇਹ ਹੁਕਮ ਪੰਜਾਬ ਸਰਕਾਰ ਦੇ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਪ੍ਰਸ਼ਾਸਕੀ ਸਕੱਤਰ ਨੇ ਜਾਰੀ ਕੀਤੇ ਹਨ।

ਅਮਰੀਕਾ ਛੇਤੀ ਹੀ ਹੋਰ ਭਾਰਤੀ ਕੱਢੇਗਾ

ਅੰਮ੍ਰਿਤਸਰ : ਅਮਰੀਕਾ ਸਰਕਾਰ ਨੇ ਗੈਰਕਾਨੂੰਨੀ ਪ੍ਰਵਾਸੀਆਂ ਦੇ ਦੂਜੇ ਬੈਚ ਨੂੰ ਭਾਰਤ ਡਿਪੋਰਟ ਕਰਨ ਦੀ ਤਿਆਰੀ ਖਿੱਚ ਲਈ ਹੈ। ਇਸ ਹਫਤੇ ਦੌਰਾਨ ਅਮਰੀਕਾ ਤੋਂ 170-180 ਹੋਰ ਗੈਰਕਾਨੂੰਨੀ ਪ੍ਰਵਾਸੀ ਭਾਰਤੀਆਂ ਨੂੰ ਡਿਪੋਰਟ ਕੀਤਾ ਜਾ ਸਕਦਾ ਹੈ। ਇਸ ਤੋਂ ਪਹਿਲਾਂ 5 ਫਰਵਰੀ ਨੂੰ ਅਮਰੀਕਾ ਦਾ ਫੌਜੀ ਮਾਲਵਾਹਕ ਜਹਾਜ਼ 104 ਗੈਰਕਾਨੂੰਨੀ ਪ੍ਰਵਾਸੀਆਂ ਨੂੰ ਲੈ ਕੇ ਅੰਮ੍ਰਿਤਸਰ ਦੇ ਕੌਮਾਂਤਰੀ ਹਵਾਈ ਅੱਡੇ 'ਤੇ ਪੁੱਜਿਆ ਸੀ। ਦੂਜਾ ਬੈਚ ਕਿੱਥੇ ਉਤਰੇਗਾ, ਇਸ ਬਾਰੇ ਅਜੇ ਕੋਈ ਪੁਸ਼ਟੀ ਨਹੀਂ ਹੋਈ।

ਸਫਾਈ ਮਸ਼ੀਨ ਦੀ ਚੋਰੀ ਦੇ ਕੇਸ 'ਚ ਆਜ਼ਮ ਪਿਓ-ਪੁੱਤ ਨੂੰ ਜ਼ਮਾਨਤ

ਨਵੀਂ ਦਿੱਲੀ : ਸੁਪਰੀਮ ਕੋਰਟ ਨੇ ਯੂ ਪੀ ਦੇ ਸਾਬਕਾ ਮੰਤਰੀ ਆਜ਼ਮ ਖਾਨ ਅਤੇ ਉਨ੍ਹਾ ਦੇ ਪੁੱਤਰ ਅਬਦੁੱਲਾ ਆਜ਼ਮ ਖਾਨ ਨੂੰ ਜ਼ਮਾਨਤ ਦੇ ਦਿੱਤੀ ਹੈ, ਜਿਨ੍ਹਾਂ ਮਸ਼ੀਨ ਚੋਰੀ ਦੇ ਮਾਮਲੇ ਵਿੱਚ ਅਲਾਹਾਬਾਦ ਹਾਈ ਕੋਰਟ ਵੱਲੋਂ ਉਨ੍ਹਾਂ ਦੀ ਜ਼ਮਾਨਤ ਦੀ ਅਰਜ਼ੀ ਰੱਦ ਕਰਨ ਦੇ ਹੁਕਮਾਂ ਨੂੰ ਚੁਣੌਤੀ ਦਿੱਤੀ ਸੀ। ਜਸਟਿਸ ਐੱਮ ਐੱਮ ਸੁੰਦਰੇਸ਼ ਅਤੇ ਜਸਟਿਸ ਰਾਜੇਸ਼ ਬਿੰਦਲ ਦੀ ਬੈਂਚ ਨੇ ਹਾਈ ਕੋਰਟ ਦੇ ਜ਼ਮਾਨਤ ਪਟੀਸ਼ਨ ਰੱਦ ਕਰਨ ਦੇ ਹੁਕਮ ਨੂੰ ਰੱਦ ਕਰ ਦਿੱਤਾ। ਬੈਂਚ ਨੇ ਆਪਣੇ ਹੁਕਮ ਵਿੱਚ ਕਿਹ

14-FEB-PAGE-1.qxd 2/13/2025 8:40 PM Page 2

ਅਕਾਲ ਅਕੈਡਮੀ ਉੱਭਿਆ ਵਿਖੇ ਨਸ਼ੇ ਪ੍ਰਤੀ ਜਾਗਰੂਕਤਾ ਸੈਮੀਨਾਰ

ਚੀਮਾ ਮੰਡੀ (ਰਵਿੰਦਰ ਚੀਮਾ)-ਬੜੂ ਸਾਹਿਬ ਵਿੱਦਿਅਕ ਸੰਸਥਾ ਅਧੀਨ ਚੱਲ ਰਹੀ ਅਕਾਲ ਅਕੈਡਮੀ ਉੱਭਿਆਂ ਵਿਖੇ ਨਸ਼ਿਆਂ ਖਿਲਾਫ ਮੁਹਿੰਮ ਤਹਿਤ ਸੈਮੀਨਾਰ ਕੀਤਾ ਗਿਆ।ਇਹ ਨਸ਼ਾ ਵਿਰੋਧੀ ਸੈਮੀਨਾਰ ਅਕਾਲ ਅਕੈਡਮੀ ਦੇ ਪ੍ਰਿੰਸੀਪਲ ਗੁਰਜੀਤ ਕੌਰ ਦੀ ਰਹਿਨੁਮਈ ਹੇਠ ਸਮੂਹ ਅਧਿਆਪਕ ਸਾਹਿਬਾਨ ਤੇ ਵਿਦਿਆਰਥੀਆਂ ਦੇ ਸਹਿਯੋਗ ਨਾਲ ਕਰਵਾਇਆ ਗਿਆ, ਜਿਸ ਵਿੱਚ ਮੁੱਖ ਮਹਿਮਾਨ ਵਜੋਂ ਏ ਐੱਸ ਆਈ ਰਘਵੀਰ ਸਿੰਘ ਚੌਕੀ ਇੰਚਾਰਜ ਕੌਹਰੀਆਂ ਨੇ ਸ਼ਿਰਕਤ ਕੀਤੀ।ਉਨ੍ਹਾਂ ਤੋਂ ਇਲਾਵਾ ਐੱਸ ਜੀ ਪੀ ਸੀ ਜਥੇਦਾਰ ਸ੍ਰ. ਗੁਰਲਾਲ ਸਿੰਘ ਤੇ ਪ੍ਰਿੰਸੀਪਲ ਜਸ਼ਨ ਪਬਲਿਕ ਸਕੂਲ ਹਾਜ਼ਰ ਸਨ।ਇਸ ਸੈਮੀਨਾਰ ਦਾ ਮੁੱਖ ਮੰਤਵ ਡਾਕਟਰ ਰਜਿੰਦਰ ਸਿੰਘ ਦੁਆਰਾ ਚਲਾਈ ਨਸ਼ਿਆਂ ਖਿਲਾਫ ਮੁਹਿੰਮ ਨੂੰ ਵਿਦਿਆਰਥੀਆਂ ਤੱਕ ਪਹੁੰਚਾ ਕੇ ਉਨ੍ਹਾਂ ਨੂੰ ਨਸ਼ਿਆਂ ਦੇ ਮਾੜੇ ਨਤੀਜਿਆਂ 'ਤੇ ਰੋਕਥਾਮ ਦੀ ਜਾਣਕਾਰੀ ਦੇ ਕੇ ਸਮਾਜ ਨੂੰ ਸਹੀ ਸੇਧ ਦੇਣਾ ਸੀ।ਇਸ ਮੌਕੇ ਅਕਾਲ ਅਕੈਡਮੀ ਦੇ ਪ੍ਰਿੰਸੀਪਲ ਗੁਰਜੀਤ ਕੌਰ ਨੇ ਸੰਬੋਧਨ ਕਰਦਿਆਂ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਤੇ ਖੁਸ਼ਹਾਲ ਸਮਾਜ ਸਿਰਜਣ ਦੀ ਪ੍ਰੇਰਣਾ ਦਿੱਤੀ। ਸੈਮੀਨਾਰ ਉਪਰੰਤ ਨਸ਼ਿਆਂ ਦੇ ਵਿਰੋਧ 'ਚ ਵਿਸ਼ੇਸ਼ ਰੈਲੀ ਦਾ ਪ੍ਰਬੰਧ ਕੀਤਾ ਗਿਆ, ਜਿਸ ਨੂੰ ਏ.ਐੱਸ.ਆਈ. ਰਘਵੀਰ ਸਿੰਘ ਚੌਕੀ ਇੰਚਾਰਜ ਕੌਹਰੀਆਂ ਨੇ ਹਰੀ ਝੰਡੀ ਦਿਖਾਈ।ਇਹ ਰੈਲੀ ਪਿੰਡ ਉੱਭਿਆਂ ਤੋਂ ਪਿੰਡ ਹਰੀਗੜ੍ਹ ਤੇ ਰਾਏਪਰਾਨਾ ਹੁੰਦੀ ਹੋਈ ਵਾਪਸ ਅਕਾਲ ਅਕੈਡਮੀ ਉੱਭਿਆ ਦੇ ਕੈਂਪਸ ਵਿਖੇ ਪਹੁੰਚ ਸਮਾਪਤ ਹੋਈ।ਇਸ ਦਰਮਿਆਨ ਵਿਦਿਆਰਥੀਆਂ ਨੇ ਵੱਖ-ਵੱਖ ਪ੍ਰਕਾਰ ਦੇ ਨਾਅਰੇ ਲਾ ਕੇ ਤੇ ਨਸ਼ਿਆਂ ਵਿਰੁੱਧ ਜਾਣਕਾਰੀ ਦੇ ਕੇ ਲੋਕਾਂ ਨੂੰ ਜਾਗਰੂਕ ਕੀਤਾ।ਵਿਦਿਆਰਥੀਆਂ ਵੱਲੋਂ ਵੱਖ-ਵੱਖ ਥਾਵਾਂ 'ਤੇ ਵਿਸ਼ੇਸ਼ ਨੁੱਕੜ ਨਾਟਕ ਵੀ ਪੇਸ਼ ਕੀਤੇ ਗਏ।

ਵਿਧਾਇਕ ਤੇ ਮੇਅਰ ਨੇ ਸੁਤੰਤਰ ਨਗਰ 'ਚ ਗਲੀਆਂ ਬਣਾਉਣ ਦੇ ਪ੍ਰੋਜੈਕਟ ਦੀ ਕੀਤੀ ਸ਼ੁਰੂਆਤ

ਲੁਧਿਆਣਾ (ਰਾਜ ਸਿੰਗਲਾ)-ਵਸਨੀਕਾਂ ਦੀ ਲੰਬੇ ਸਮੇਂ ਤੋਂ ਲਟਕਦੀ ਆ ਰਹੀ ਮੰਗ ਨੂੰ ਪੂਰਾ ਕਰਨ ਅਤੇ ਸੜਕਾਂ ਦੇ ਬੁਨਿਆਦੀ ਢਾਂਚੇ ਨੂੰ ਅਪਗ੍ਰੇਡ ਕਰਨ ਦੇ ਉਦੇਸ਼ ਤਹਿਤ ਲੁਧਿਆਣਾ ਪੂਰਬੀ ਦੇ ਵਿਧਾਇਕ ਦਲਜੀਤ ਸਿੰਘ ਭੋਲਾ ਗਰੇਵਾਲ ਅਤੇ ਮੇਅਰ ਪ੍ਰਿੰਸੀਪਲ ਇੰਦਰਜੀਤ ਕੌਰ ਨੇ ਸੋਮਵਾਰ ਨੂੰ ਵਾਰਡ ਨੰਬਰ 13 ਦੇ ਸੁਤੰਤਰ ਨਗਰ ਵਿੱਚ ਗਲੀਆਂ ਦੇ ਮੁੜ ਨਿਰਮਾਣ ਦੇ ਪ੍ਰੋਜੈਕਟ ਦਾ ਉਦਘਾਟਨ ਕੀਤਾ।ਇਲਾਕਾ ਨਿਵਾਸੀਆਂ ਦੀ ਮੌਜੂਦਗੀ ਵਿੱਚ ਪ੍ਰੋਜੈਕਟ ਦਾ ਉਦਘਾਟਨ ਕਰਦੇ ਹੋਏ ਵਿਧਾਇਕ ਦਲਜੀਤ ਸਿੰਘ ਭੋਲਾ ਗਰੇਵਾਲ ਤੇ ਮੇਅਰ ਪ੍ਰਿੰਸੀਪਲ ਇੰਦਰਜੀਤ ਕੌਰ ਨੇ ਕਿਹਾ ਕਿ ਇਲਾਕਾ ਨਿਵਾਸੀ ਦਹਾਕਿਆਂ ਤੋਂ ਟੋਇਆਂ ਵਾਲੀਆਂ ਸੜਕਾਂ ਕਾਰਨ ਪ੍ਰੇਸ਼ਾਨੀ ਝੱਲ ਰਹੇ ਸਨ, ਕਿਉਂਕਿ ਰਵਾਇਤੀ ਪਾਰਟੀਆਂ ਸਮੱਸਿਆ ਨੂੰ ਹੱਲ ਕਰਨ ਵਿੱਚ ਅਸਫਲ ਰਹੀਆਂ।ਮੇਅਰ ਪ੍ਰਿੰਸੀਪਲ ਇੰਦਰਜੀਤ ਕੌਰ ਨੇ ਕਿਹਾ ਕਿ ਲਗਭਗ 36.45 ਲੱਖ ਰੁਪਏ ਦੀ ਲਾਗਤ ਨਾਲ ਕੀਤੇ ਜਾ ਰਹੇ ਇਸ ਪ੍ਰੋਜੈਕਟ ਦੇ ਪੂਰਾ ਹੋਣ ਤੋਂ ਬਾਅਦ ਵਸਨੀਕਾਂ ਨੂੰ ਵੱਡੀ ਰਾਹਤ ਮਿਲੇਗੀ।ਨਗਰ ਨਿਗਮ ਜ਼ੋਨਲ ਕਮਿਸ਼ਨਰ ਅਭਿਸ਼ੇਕ ਸ਼ਰਮਾ, ਨਿਗਰਾਨ ਇੰਜੀਨੀਅਰ ਪਰਵੀਨ ਸਿੰਗਲਾ ਸਮੇਤ ਹੋਰ ਅਧਿਕਾਰੀ ਵੀ ਉਦਘਾਟਨ ਸਮਾਰੋਹ ਦੌਰਾਨ ਮੌਜੂਦ ਸਨ।ਵਿਧਾਇਕ ਗਰੇਵਾਲ ਤੇ ਮੇਅਰ ਪ੍ਰਿੰ. ਇੰਦਰਜੀਤ ਕੌਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਸੂਬੇ ਦੇ ਸਰਵਪੱਖੀ ਵਿਕਾਸ ਲਈ ਕੰਮ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਵੱਲੋਂ ਵੱਡੀ ਗਿਣਤੀ ਵਿੱਚ ਵਿਕਾਸ ਪ੍ਰੋਜੈਕਟ ਕੀਤੇ ਜਾ ਰਹੇ ਹਨ ਤੇ ਨਿਵਾਸੀਆਂ ਨੂੰ ਵੀ ਲੁਧਿਆਣਾ ਨੂੰ ਨੰਬਰ 1 ਸ਼ਹਿਰ ਬਣਾਉਣ ਵਿੱਚ ਅਧਿਕਾਰੀਆਂ ਦਾ ਸਮਰਥਨ ਕਰਨਾ ਚਾਹੀਦਾ ਹੈ।

ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਮੌਕੇ ਨਗਰ ਕੀਰਤਨ ਸਜਾਇਆ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)-ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਮੌਕੇ ਪਿੰਡ ਮੌਲਵੀਵਾਲਾ ਵਿਖੇ ਸ੍ਰੀ ਗੁਰੂ ਰਵਿਦਾਸ ਸੇਵਾ ਕਮੇਟੀ ਵੱਲੋਂ ਸ਼ਾਨਦਾਰ ਨਗਰ ਕੀਰਤਨ ਸਜਾਇਆ ਗਿਆ।ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਰਪ੍ਰਸਤੀ ਤੇ ਪੰਜਾਂ ਪਿਆਰਿਆਂ ਦੀ ਅਗਵਾਈ ਵਿੱਚ ਸਜਾਏ ਗਏ ਇਸ ਸ਼ਾਨਦਾਰ ਨਗਰ ਕੀਰਤਨ ਦੀ ਸ਼ੁਰੂਆਤ ਸ੍ਰੀ ਗੁਰੂ ਰਵਿਦਾਸ ਧਰਮਸ਼ਾਲਾ ਤੋਂ ਕੀਤੀ ਗਈ ਤੇ ਇਹ ਵੱਖ-ਵੱਖ ਗਲੀਆਂ ਵਿੱਚੋਂ ਹੁੰਦਾ ਹੋਇਆ ਕੰਬੋਜ ਫਾਰਮ ਡੇਰਾ ਬਾਪੂ ਸੋਹਣ ਸਿੰਘ ਵਿਖੇ ਪਹੁੰਚਿਆ, ਜਿੱਥੇ ਸੰਗਤਾਂ ਲਈ ਲੰਗਰ ਪ੍ਰਸ਼ਾਦੇ ਦੇ ਨਾਲ ਨਾਲ ਖੀਰ ਤੇ ਜਲੇਬੀਆਂ ਦੇ ਲੰਗਰਾਂ ਦਾ ਵਿਸ਼ੇਸ਼ ਤੌਰ 'ਤੇ ਪ੍ਰਬੰਧ ਕੀਤਾ ਗਿਆ ਸੀ।ਇਸ ਦੌਰਾਨ ਪਿੰਡ ਵਿੱਚ ਬਗਿਆਣੀਆਂ ਪੱਤੀ, ਸਾਰਨਕੇ ਮੁਹੱਲਾ, ਫੁੱਲਣੀਆਂ ਪੱਤੀ ਤੇ ਡੇਰਾ ਜੰਮੂ ਫਾਰਮ ਵਿੱਚ ਸੰਗਤਾਂ ਦੇ ਨਾਲ ਨਾਲ ਸਰਪੰਚ ਤਲਵਿੰਦਰ ਸਿੰਘ ਮਨੇਸ ਤੇ ਦਸਮੇਸ਼ ਨਗਰ ਦੇ ਸਰਪੰਚ ਚਰਨਜੀਤ ਸਿੰਘ ਸੰਧੂ ਵੱਲੋਂ ਭਰਵਾਂ ਸਵਾਗਤ ਕਰਦਿਆਂ ਪੰਜ ਪਿਆਰੇ ਸਾਹਿਬਾਨ ਨੂੰ ਸਿਰਪਾਓ ਭੇਟ ਕੀਤੇ ਗਏ।

ਮਾਤਾ ਪ੍ਰੀਤਮ ਕੌਰ ਸਿੱਧੂ ਦਾ ਅੰਗੀਠਾ ਸੰਭਾਲਿਆ, ਅੰਤਮ ਅਰਦਾਸ 20 ਨੂੰ

ਕੋਟ ਈਸੇ ਖਾਂ (ਅਰੋੜਾ)-ਕੋਟ ਈਸੇ ਖਾਂ ਦੇ ਸਿੱਧੂ ਪਰਵਾਰ ਦੇ ਪਰਮਿੰਦਰ ਸਿੰਘ ਬਿੱਲਾ ਸਿੱਧੂ, ਜਸਕਰਨ ਸਿੰਘ ਐੱਮ ਪੀ ਸਿੱਧੂ, ਗਮਾਡਾ ਦੇ ਡਾਇਰੈਕਟਰ ਜਸਵਿੰਦਰ ਸਿੰਘ ਸਿੱਧੂ, ਕੌਂਸਲਰ ਗੁਰਪ੍ਰੀਤ ਸਿੰਘ ਸਿੱਧੂ, ਹਰਬਖਸ਼ ਸਿੰਘ ਸਿੱਧੂ ਗੰਨ ਹਾਊਸ ਦੇ ਚਾਚੀ ਜੀ, ਜੋ ਪਿਛਲੇ ਦਿਨੀਂ ਸਵਰਗ ਸਿਧਾਰ ਗਏ ਸਨ, ਉਨ੍ਹਾਂ ਦੇ ਅੰਗੀਠਾ ਸੰਭਾਲ ਦੀ ਰਸਮ ਸ਼ਮਸ਼ਾਨ ਘਾਟ ਕੋਟ ਈਸੇ ਖਾਂ ਵਿਖੇ ਕੀਤੀ ਗਈ। ਇਸ ਮੌਕੇ ਚੇਅਰਮੈਨ ਪਾਥਵੇਜ਼ ਗਲੋਬਲ ਸਕੂਲ ਕੋਟ ਈਸੇ ਖਾਂ ਦੇ ਚੇਅਰਮੈਨ ਸੁਰਜੀਤ ਸਿੰਘ ਸਿੱਧੂ ਨੰਬਰਦਾਰ, ਬਲਵਿੰਦਰ ਸਿੰਘ ਸਿੱਧੂ, ਅਮਰਜੀਤ ਸਿੰਘ ਸਿੱਧੂ, ਲਖਵਿੰਦਰ ਸਿੰਘ, ਗੁਰਬਚਨ ਸਿੰਘ ਭੁੱਲਰ, ਬਲਦੇਵ ਸਿੰਘ ਸ਼ਤੀਰੀਆਂ ਵਾਲੇ, ਪੱਪੀ ਪਲਤਾ ਕੌਂਸਲਰ, ਰਾਜਨ ਵਰਮਾ ਸਾਬਕਾ ਕੌਂਸਲਰ, ਤਰਸੇਮ ਸਿੰਘ ਗਿੱਲ ਪ੍ਰਧਾਨ ਨਾਮ ਦੇਵ ਸਭਾ, ਸੁਖਦੇਵ ਸਿੰਘ ਸੰਧੂ, ਲਖਵਿੰਦਰ ਸਿੰਘ ਖੇਮਾ ਖੇੜਾ, ਸੁਖਦੇਵ ਸਿੰਘ ਥਾਣੇਦਾਰ ਨੂਰਪੁਰ ਹਕੀਮਾਂ, ਹਰਜਿੰਦਰ ਸਿੰਘ ਮਨੇਸ ਸਰਪੰਚ, ਭਗਵਾਨ ਸਿੰਘ ਸੰਧੂ, ਹਰਬੰਸ ਸਿੰਘ ਭੁੱਲਰ ਪ੍ਰਧਾਨ ਕਿਸਾਨ ਜੱਟ ਸਭਾ ਕੋਟ ਈਸੇ ਖਾਂ, ਮੁਲਖ ਰਾਜ, ਗੁਰਵੰਤ ਸਿੰਘ ਵਿਰਕ ਬਹੁਤ ਸਾਰੀਆਂ ਸ਼ਖ਼ਸੀਅਤਾਂ ਹਾਜ਼ਰ ਸਨ।ਬਾਬਾ ਬਾਜ ਸਿੰਘ ਨੇ ਅਰਦਾਸ ਕੀਤੀ ਤੇ ਦੱਸਿਆ ਕਿ ਮਾਤਾ ਪ੍ਰੀਤਮ ਕੌਰ ਦੀ ਅੰਤਿਮ ਅਰਦਾਸ 20 ਫਰਵਰੀ ਨੂੰ 12 ਤੋਂ 1 ਵਜੇ ਤੱਕ ਗੁਰਦੁਆਰਾ ਕਲਗੀਧਰ ਸਾਹਿਬ ਮਸੀਤਾਂ ਰੋਡ ਕੋਟ ਈਸੇ ਖਾਂ ਵਿਖੇ ਹੋਵੇਗੀ।

ਡਾ. ਬਲਜੀਤ ਕੌਰ ਨੇ ਗੁਰੂ ਰਵਿਦਾਸ ਮੰਦਰ ਵਿਖੇ ਮੱਥਾ ਟੇਕਿਆ

ਸ੍ਰੀ ਮੁਕਤਸਰ ਸਾਹਿਬ/ਮਲੋਟ (ਸ਼ਮਿੰਦਰਪਾਲ, ਪੂਜਾ/ਗੁਰਮੀਤ ਮੱਕੜ)-ਡਾ. ਬਲਜੀਤ ਕੌਰ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਤੇ ਸਮਾਜਿਕ ਨਿਆਂ, ਅਧਿਕਾਰਤਾ ਤੇ ਘੱਟ ਗਿਣਤੀ ਮੰਤਰੀ ਪੰਜਾਬ ਨੇ ਮਲੋਟ ਵਿਖੇ ਸ੍ਰੀ ਗੁਰੂ ਰਵਿਦਾਸ ਜੀ ਦੇ 648ਵੇਂ ਗੁਰਪੁਰਬ ਮੌਕੇ ਰਵਿਦਾਸ ਮੰਦਰ ਵਿਖੇ ਮੱਥਾ ਟੇਕਿਆ ਤੇ ਗੁਰੂ ਜੀ ਦਾ ਅਸ਼ੀਰਵਾਦ ਪ੍ਰਾਪਤ ਕੀਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਮਲੋਟ ਦੇ ਵਿਕਾਸ ਲਈ ਸਰਕਾਰ ਵੱਲੋਂ ਪਹਿਲ ਦੇ ਅਧਾਰ 'ਤੇ ਕੰਮ ਕਰਵਾਏ ਜਾ ਰਹੇ ਹਨ ਤੇ ਇਲਾਕਾ ਨਿਵਾਸੀਆਂ ਨੂੰ ਕਿਸੇ ਵੀ ਪ੍ਰਕਾਰ ਦੀ ਕੋਈ ਸਮੱਸਿਆ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾ ਦੱਸਿਆ ਕਿ ਰਵੀਦਾਸ ਨਗਰ ਮਲੋਟ ਦੇ ਸੀਵਰੇਜ ਦੀ ਸਮੱਸਿਆ ਦੇ ਹੱਲ ਲਈ 2.5 ਕਰੋੜ ਰੁਪਏ, 30 ਲੱਖ ਰੁਪਏ ਵਾਰਡ ਨੰ. 20 ਦੀ ਧਰਮਸ਼ਾਲਾ ਬਣਾਉਣ ਲਈ, 10 ਲੱਖ ਰੁਪਏ ਲਾਇਬ੍ਰੇਰੀ ਲਈ ਅਤੇ 10 ਲੱਖ ਰੁਪਏ ਖਟੀਕ ਧਰਮਸ਼ਾਲਾ ਦੇ ਨਵ-ਨਿਰਮਾਣ ਲਈ ਦੇਣ ਦਾ ਐਲਾਨ ਕੀਤਾ। ਇਸ ਮੌਕੇ ਜਸ਼ਨ ਬਰਾੜ ਵਾਇਸ ਚੇਅਰਮੈਨ, ਰਵਿਦਾਸ ਮੰਦਰ ਕਮੇਟੀ, ਸਤਿਗੁਰਦੇਵ ਪੱਪੀ, ਕਰਮਜੀਤ ਸ਼ਰਮਾ, ਜੋਹਨੀ ਗਰਗ ਤੇ ਰਵਿਦਾਸ ਨਗਰ ਦੇ ਪਤਵੰਤੇ ਵਿਅਕਤੀ ਮੌਜੂਦ ਸਨ।

ਡੀ ਏ ਵੀ ਸਕੂਲ 'ਚ ਸਾਲਾਨਾ ਖੇਡ ਮੁਕਾਬਲੇ ਕਰਵਾਏ

ਮਲੋਟ (ਗੁਰਮੀਤ ਸਿੰਘ ਮੱਕੜ)-ਸਥਾਨਕ ਡੀ ਏ ਵੀ ਪਬਲਿਕ ਸਕੂਲ ਨੇ ਸਕੂਲ ਦੀ ਪ੍ਰਿੰਸੀਪਲ ਸੰਧਿਆ ਬਠਲਾ ਦੀ ਅਗਵਾਈ ਹੇਠ ਪ੍ਰੀ-ਪ੍ਰਾਇਮਰੀ ਕਲਾਸ ਦੇ ਵਿਦਿਆਰਥੀਆਂ ਲਈ ਸਾਲਾਨਾ ਖੇਡ ਮੁਕਾਬਲੇ ਦਾ ਆਯੋਜਨ ਕੀਤਾ। ਇਸ ਮੌਕੇ ਸਕੂਲ ਦੀਆਂ ਪ੍ਰੀ-ਪ੍ਰਾਇਮਰੀ ਕਲਾਸਾਂ ਲਈ ਕਈ ਤਰ੍ਹਾਂ ਦੇ ਖੇਡ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ। ਖੇਡ ਮੁਕਾਬਲਿਆਂ 'ਚ ਪਹਿਲਾ, ਦੂਜਾ ਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਮਨੋਬਲ ਨੂੰ ਵਧਾਉਣ ਲਈ ਮੈਡਲ ਦਿੱਤੇ ਗਏ ਤਾਂ ਜੋ ਬੱਚੇ ਖੇਡਾਂ ਵੱਲ ਵੱਧਦੇ ਰਹਿਣ। ਇਸ ਮੌਕੇ ਮਾਪਿਆਂ ਲਈ ਵੀ ਵੱਖ-ਵੱਖ ਖੇਡ ਮੁਕਾਬਲੇ ਕਰਵਾਏ ਗਏ। ਇਸ ਮੌਕੇ ਪ੍ਰਿੰਸੀਪਲ ਸੰਧਿਆ ਬਠਲਾ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਖੇਡਾਂ ਸਾਡੇ ਸਰੀਰਕ ਵਿਕਾਸ ਵਿੱਚ ਮੱਦਦ ਕਰਦੀਆਂ ਹਨ। ਉਨ੍ਹਾ ਕਿਹਾ ਕਿ ਜੇਕਰ ਅਸੀਂ ਸਰੀਰਕ ਤੌਰ 'ਤੇ ਤੰਦਰੁਸਤ ਰਹਾਂਗੇ ਤਾਂ ਅਸੀਂ ਆਪਣੇ ਆਪ ਮਾਨਸਿਕ ਤੌਰ 'ਤੇ ਤੰਦਰੁਸਤ ਹੋ ਜਾਵਾਂਗੇ। ਉਨ੍ਹਾ ਕਿਹਾ ਕਿ ਖੇਡਾਂ ਸਾਡੇ ਜੀਵਨ ਦਾ ਇੱਕ ਮਹੱਤਵਪੂਰਨ ਹਿੱਸਾ ਹਨ ਤੇ ਖੇਡਣਾ ਸਾਨੂੰ ਆਪਣੇ ਆਤਮਵਿਸ਼ਵਾਸ ਦੇ ਪੱਧਰ ਨੂੰ ਬਣਾਉਣਾ ਤੇ ਸੁਧਾਰਨਾ ਸਿਖਾਉਂਦਾ ਹੈ। ਖੇਡ ਵਿਭਾਗ ਦੇ ਸਾਰੇ ਮੁਕਾਬਲੇ ਸੰਦੀਪ ਕੁਮਾਰ ਤੇ ਹਰਪ੍ਰੀਤ ਸਿੰਘ ਦੀ ਅਗਵਾਈ ਹੇਠ ਕਰਵਾਏ ਗਏ।

ਠੇਕਾ ਮੁਲਾਜ਼ਮਾਂ ਵੱਲੋਂ ਮੰਤਰੀਆਂ/ਵਿਧਾਇਕਾਂ ਖਿਲਾਫ ਪ੍ਰਦਰਸ਼ਨ ਭਲਕੇ

ਲਹਿਰਾ ਮੁਹੱਬਤ/ਜਲਾਲਾਬਾਦ (ਭੀਮ ਸੈਨ ਹਦਵਾਰੀਆ/ਜੀਤ ਕੁਮਾਰ, ਜੰਗੀਰ ਕੌਰ)-ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੇ ਸੂਬਾਈ ਆਗੂਆਂ ਵਰਿੰਦਰ ਸਿੰਘ ਮੋਮੀ, ਪਵਨਦੀਪ ਸਿੰਘ, ਬਲਿਹਾਰ ਸਿੰਘ ਕਟਾਰੀਆ, ਜਗਰੂਪ ਸਿੰਘ ਲਹਿਰਾ, ਗੁਰਵਿੰਦਰ ਸਿੰਘ ਪੰਨੂੰ, ਸਿਮਰਨਜੀਤ ਸਿੰਘ ਨੀਲੋਂ, ਸ਼ੇਰ ਸਿੰਘ ਖੰਨਾ, ਜਸਪ੍ਰੀਤ ਸਿੰਘ ਗਗਨ, ਸੁਰਿੰਦਰ ਕੁਮਾਰ ਤੇ ਸਤਨਾਮ ਸਿੰਘ ਫਲੀਆਂਵਾਲਾ ਨੇ ਪ੍ਰੈੱਸ ਨੂੰ ਜਾਰੀ ਕੀਤੇ ਬਿਆਨ ਰਾਹੀਂ ਕਿ ਸ਼ਹੀਦੇ-ਆਜ਼ਮ ਸ੍ਰ. ਭਗਤ ਸਿੰਘ ਦੇ ਭੇਸ ਵਿੱਚ ਛੁਪ ਕੇ ਸੱਤਾ ਦੀ ਕੁਰਸੀ 'ਤੇ ਬਿਰਾਜ਼ਮਾਨ ਹੋਈ ਆਮ ਆਦਮੀ ਪਾਰਟੀ ਦੀ ਮਾਨ ਸਰਕਾਰ ਲੋਕਾਂ ਨਾਲ ਝੂਠ-ਧੋਖੇਬਾਜ਼ੀ ਵਿੱਚ ਤੇ ਕਾਰਪੋਰੇਟ ਘਰਾਣਿਆਂ ਦੀ ਸੇਵਾ ਲਈ ਪਹਿਲੀਆਂ ਸਰਕਾਰਾਂ ਨਾਲੋਂ ਘੱਟ ਨਹੀਂ, ਮੰਗਾਂ ਮੰਨਣ ਦੀ ਗੱਲ ਤਾਂ ਦੂਰ ਰਹੀ ਸਗੋਂ ਇਹ ਧੋਖੇਬਾਜ਼ ਸਰਕਾਰ ਅਤੇ ਇਸ ਦਾ ਮੁੱਖ ਮੰਤਰੀ ਪਿਛਲੇ ਤਿੰਨ ਸਾਲਾਂ ਦੇ ਅਰਸੇ ਵਿੱਚ ਪੁਰਅਮਨ ਮੰਗਾਂ 'ਤੇ ਗੱਲਬਾਤ ਤੋਂ ਵੀ ਇਨਕਾਰੀ ਹੈ। ਪਿਛਲੇ ਤਿੰਨ ਸਾਲਾਂ ਦੇ ਅਰਸੇ ਵਿੱਚ ਦਰਜਨਾਂ ਵਾਰ ਗੱਲਬਾਤ ਦਾ ਲਿਖਤੀ ਸਮਾਂ ਦੇ ਕੇ ਐਨ ਮੌਕੇ 'ਤੇ ਜਾ ਕੇ ਜ਼ਰੂਰੀ ਰੁਝੇਵਿਆਂ ਦੇ ਧੋਖੇ ਹੇਠ ਗੱਲਬਾਤ ਤੋਂ ਇਨਕਾਰ ਕਰ ਦਿੱਤਾ ਜਾਂਦਾ ਹੈ।

ਇਹੀ ਹਾਲ ਇਸ ਦੀ ਸਬ-ਕਮੇਟੀ ਦਾ ਹੈ, ਜੋ ਵਾਰ-ਵਾਰ ਮੀਟਿੰਗਾਂ ਦਾ ਸਮਾਂ ਦੇ ਕੇ ਜਨਤਕ ਆਧਾਰ ਵਾਲੀਆਂ ਜਥੇਬੰਦੀਆਂ ਨਾਲ ਗੱਲਬਾਤ ਕਰਨ ਤੋਂ ਇਨਕਾਰ ਕਰਕੇ ਇਸ ਦੀ ਥਾਂ ਜਿਨ੍ਹਾਂ ਦਾ ਕੋਈ ਜਨਤਕ ਆਧਾਰ ਨਹੀਂ, ਉਨ੍ਹਾਂ ਜਥੇਬੰਦੀਆਂ ਨਾਲ ਗੱਲਬਾਤ ਦਾ ਢਕੋਂਜ ਕਰਕੇ ਫੁੱਟ ਦਾ ਭਰਮ ਪਾਲ ਰਹੀ ਹੈ। ਇਸ ਰਾਹ 'ਤੇ ਚਲਦਿਆਂ ਪੰਜਾਬ ਸਰਕਾਰ ਵੱਲੋਂ ਬੀਤੀ 6 ਫਰਵਰੀ ਤੋਂ ਬਾਅਦ 13 ਫਰਵਰੀ ਦੀ ਇੱਕ ਹੋਰ ਮੀਟਿੰਗ ਰੱਦ ਕਰਕੇ ਆਪਣੀ ਕਾਮਾ-ਵਿਰੋਧੀ ਅਸਲੀਅਤ ਨੂੰ ਇੱਕ ਵਾਰ ਫਿਰ ਤੋਂ ਜ਼ਾਹਰ ਕਰ ਦਿੱਤਾ ਹੈ, ਜਿਸ ਦੇ ਵਿਰੋਧ ਵਿੱਚ ਸੰਘਰਸ਼ ਕਰਨਾ 'ਸੰਘਰਸ਼ ਮੋਰਚੇ' ਦੀ ਮਜਬੂਰੀ ਹੈ। ਇਸ ਮਜਬੂਰੀਵੱਸ 'ਮੋਰਚੇ' ਦੇ ਫੈਸਲੇ ਮੁਤਾਬਿਕ 15 ਫਰਵਰੀ 2025 ਨੂੰ ਸਵੇਰੇ 11 ਵਜੇ ਤੋਂ ਦੁਪਹਿਰ 1 ਵਜੇ ਤੱਕ ਪੰਜਾਬ ਸਰਕਾਰ ਦੇ ਮੰਤਰੀਆਂ/ਵਿਧਾਇਕਾਂ ਦੇ ਘਰਾਂ ਤੇ ਦਫਤਰਾਂ ਅੱਗੇ ਵਿਸ਼ਾਲ ਇਕੱਠ ਕਰਕੇ ਸ਼ਹਿਰਾਂ ਵਿੱਚ ਵਿਰੋਧ ਪ੍ਰਦਰਸ਼ਨ ਕੀਤੇ ਜਾਣਗੇ। ਇਨ੍ਹਾਂ ਸਾਂਝੇ ਵਿਰੋਧ ਪ੍ਰਦਰਸ਼ਨਾਂ ਰਾਹੀਂ 11 ਮਾਰਚ ਨੂੰ ਖੰਨਾ ਦੀ ਦਾਣਾ ਮੰਡੀ ਵਿੱਚ ਕੀਤੀ ਜਾ ਰਹੀ ਸੂਬਾ ਪੱਧਰੀ ਰੈਲੀ ਦਾ ਹੋਕਾ ਦਿੱਤਾ ਜਾਵੇਗਾ।

ਸ੍ਰੀ ਗੁਰੂ ਰਵਿਦਾਸ ਜੀ 'ਸਿੰਗਲ ਵਿੰਡੋ'

13 Feb Page -3.qxd 2/13/2025 11:31 PM Page 1

4 ਕਿਲੋ ਅਫ਼ੀਮ ਸਮੇਤ ਤਿੰਨ ਮੁਲਜ਼ਮ ਕਾਬੂ

ਗੁਰਦਾਸਪੁਰ, ਦੀਨਾਨਗਰ (ਜਨਕ ਮਹਾਜਨ, ਸੰਜੀਵ)- ਡਾਇਰੈਕਟਰ ਜਨਰਲ ਪੰਜਾਬ ਚੰਡੀਗੜ੍ਹ ਅਤੇ ਜ਼ਿਲ੍ਹਾ ਪੁਲਸ ਮੁਖੀ ਗੁਰਦਾਸਪੁਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਮਾੜੇ ਅਨਸਰਾਂ ਅਤੇ ਗੈਂਗਸਟਰਾਂ ਖਿਲਾਫ ਚਲਾਈ ਜਾ ਰਹੀ ਮੁਹਿੰਮ ਤਹਿਤ ਥਾਣਾ ਪੁਰਾਣਾ ਸ਼ਾਲਾ ਅਤੇ ਕਾਊਂਟਰ ਇੰਟੈਲੀਜੰਸ ਪੁਲਸ ਗੁਰਦਾਸਪੁਰ ਵੱਲੋਂ ਬਲਵਿੰਦਰ ਸਿੰਘ ਰੰਧਾਵਾ ਪੁਲਸ ਕਪਤਾਨ ਅਤੇ ਦਿਲਪ੍ਰੀਤ ਸਿੰਘ ਸਹਾਇਕ ਪੁਲਸ ਕਪਤਾਨ ਦੀਨਾਨਗਰ ਦੀ ਅਗਵਾਈ ਹੇਠ 3 ਨਸ਼ਾ ਤਸਕਰਾਂ ਨੂੰ ਨਸ਼ੇ ਸਮੇਤ ਕਾਬੂ ਕੀਤਾ ਗਿਆ। ਪ੍ਰੈਸ ਕਾਨਫ਼ਰੰਸ ਦੌਰਾਨ ਗੁਰਦਾਸਪੁਰ ਪੁਲਸ ਦੇ ਉਚ ਅਧਿਕਾਰੀਆਂ ਨੇ ਦੱਸਿਆ ਕਿ ਬੀਤੇ ਦਿਨੀਂ ਪਿੰਡ ਭੱਟੀਆਂ ਨੇੜੇ ਕਮਾਦ ਦੇ ਖੇਤ 'ਚੋਂ ਸ਼ੱਕ ਦੀ ਬਿਨਾ 'ਤੇ ਦੋ ਵਿਅਕਤੀਆਂ ਨੂੰ ਰੋਕ ਕੇ ਤਲਾਸ਼ੀ ਲਈ ਗਈ ਤਾਂ ਉਨ੍ਹਾਂ ਪਾਸੋਂ 1 ਕਿਲੋ 500 ਗ੍ਰਾਮ ਬਰਾਮਦ ਹੋਈ। ਦੋਵਾਂ ਵਿਅਕਤੀਆਂ ਦੀ ਪਹਿਚਾਣ ਧਰਿੰਦਰ ਸ਼ਾਹ ਪੁੱਤਰ ਉਪਿੰਦਰ ਸ਼ਾਹ ਅਤੇ ਬਬਲੂ ਯਾਦਵ ਪੁੱਤਰ ਗਗਨ ਦੇਵ ਵਾਸੀ ਹਰਪੁਰ ਜ਼ਿਲ੍ਹਾ ਸੀਤਾਮੜੀ ਸਟੇਟ ਬਿਹਾਰ ਵਜੋਂ ਹੋਈ ਹੈ। ਇਨ੍ਹਾਂ ਕਥਿਤ ਦੋਸ਼ੀਆਂ ਖਿਲਾਫ਼ ਥਾਣਾ ਪੁਰਾਣਾ ਸ਼ਾਲਾ ਵਿਖੇ ਮਾਮਲਾ ਦਰਜ ਕੀਤਾ ਗਿਆ ਹੈ। ਦੌਰਾਨੇ ਤਫਤੀਸ਼ ਕਥਿਤ ਦੋਸ਼ੀਆਂ ਨੇ ਦੱਸਿਆ ਕਿ ਕੁਝ ਦਿਨ ਪਹਿਲਾਂ ਹੀ ਹੀਰਾ ਸਿੰਘ ਪੁੱਤਰ ਲਖਵਿੰਦਰ ਸਿੰਘ ਵਾਸੀ ਠੱਕਰਵਾਲ ਥਾਣਾ ਕਾਹਨੂੰਵਾਨ ਨੂੰ ਅਫੀਮ ਵੇਚੀ ਸੀ ਅਤੇ ਇਹ ਅਫੀਮ ਵੀ ਉਸੇ ਨੂੰ ਦੇਣੀ ਸੀ। ਕਥਿਤ ਦੋਸ਼ੀਆਂ ਦੇ ਬਿਆਨਾਂ 'ਤੇ ਹੀਰਾ ਸਿੰਘ ਨੂੰ ਤਫਤੀਸ਼ ਵਿੱਚ ਸ਼ਾਮਲ ਕਰਕੇ ਉਸ ਦੀ ਨਿਸ਼ਾਨਦੇਹੀ 'ਤੇ ਕਮਾਦ ਦੇ ਖੇਤਾਂ ਵਿੱਚੋਂ 2 ਕਿਲੋ 500 ਗ੍ਰਾਮ ਅਫੀਮ ਬਰਾਮਦ ਕੀਤੀ। ਪੁਲਸ ਵੱਲੋਂ ਕੁੱਲ 4 ਕਿਲੋ ਅਫੀਮ ਇਨ੍ਹਾਂ ਤਿੰਨਾਂ ਕਥਿਤ ਦੋਸ਼ੀਆਂ ਪਾਸੋਂ ਬਰਾਮਦ ਕੀਤੀ ਗਈ।

ਲਿਬਰੇਸ਼ਨ ਤੇ ਮਜ਼ਦੂਰ ਮੁਕਤੀ ਮੋਰਚਾ ਵੱਲੋਂ ਦਲਿਤ ਪਰਵਾਰ ਲਈ ਇਨਸਾਫ ਦੀ ਮੰਗ

ਬਟਾਲਾ (ਤਰਲੋਕ ਬੱਗਾ)- ਸੀਪੀਆਈਐੱਮਐੱਲ ਲਿਬਰੇਸ਼ਨ ਅਤੇ ਮਜ਼ਦੂਰ ਮੁਕਤੀ ਮੋਰਚਾ ਨੇ ਮਲਕਵਾਲ ਵਿਚ ਰੈਲੀ ਕਰਕੇ ਥਾਣਾ ਫਤਿਹਗੜ੍ਹ ਚੂੜੀਆਂ ਦੀ ਚੌਕੀ ਕਾਲਾ ਅਫਗਾਨਾ ਵੱਲੋਂ ਪਿੰਡ ਦੇ ਇੱਕ ਮਜ਼ਦੂਰ ਪਰਿਵਾਰ ਉਪਰ ਜਾਨਲੇਵਾ ਹਮਲਾ ਕਰਨ ਵਾਲੇ ਹਮਲਾਵਰਾਂ ਵਿਰੁੱਧ ਇੱਕ ਮਹੀਨਾ ਬੀਤ ਜਾਣ ਦੇ ਬਾਵਜੂਦ ਕੋਈ ਵੀ ਕਾਰਵਾਈ ਨਾ ਕਰਨ ਦੇ ਵਿਰੋਧ ਵਿੱਚ 18 ਫਰਵਰੀ ਨੂੰ ਚੌਕੀ ਮੂਹਰੇ ਪ੍ਰਦਰਸ਼ਨ ਕਰਨ ਦਾ ਫੈਸਲਾ ਕੀਤਾ ਹੈ।ਰੈਲੀ ਵਿੱਚ ਬੋਲਦਿਆਂ ਮਜ਼ਦੂਰ ਮੁਕਤੀ ਮੋਰਚਾ ਦੇ ਜ਼ਿਲਾ ਪ੍ਰਧਾਨ ਦਲਬੀਰ ਭੋਲਾ, ਸੂਬਾ ਸਹਾਇਕ ਸਕੱਤਰ ਵਿਜੇ ਸੋਹਲ ਅਤੇ ਲਿਬਰੇਸ਼ਨ ਦੇ ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬਖਤਪੁਰਾ ਨੇ ਕਿਹਾ ਕਿ 13 ਜਨਵਰੀ ਨੂੰ ਲੋਹੜੀ ਵਾਲੇ ਦਿਨ ਇਕ ਪੱਛੜੀ ਸ਼੍ਰੇਣੀ ਦੇ ਪਰਿਵਾਰ ਦਾ ਨੌਜਵਾਨ ਮੰਗਾ ਪੁੱਤਰ ਵਿਲੀਅਮ ਪਤੰਗ ਚੜ੍ਹਾ ਰਿਹਾ ਸੀ ਤਾਂ ਇਸ ਦੌਰਾਨ ਉੱਚ ਜਾਤੀ ਦੇ ਨੌਜਵਾਨ ਦੀ ਪਤੰਗ ਮੰਗੇ ਦੀ ਪਤੰਗ ਨਾਲ ਕੱਟੀ ਗਈ ਤਾਂ ਇਸ ਸਮੇਂ ਉੱਚ ਜਾਤੀ ਦੇ ਵਿਅਕਤੀਆਂ ਨੇ ਪੱਛੜੀਆਂ ਸ਼੍ਰੇਣੀਆਂ ਦਾ ਨਾਂ ਲੈ ਕੇ ਮੰਗੇ ਨੂ ਗਾਲੀ ਗਲੋਚ ਕਰਨਾ ਸ਼ੁਰੂ ਕਰ ਦਿੱਤਾ ਅਤੇ ਕਰੀਬ ਰਾਤ 9-30 ਵਜੇ ਉੱਚ ਜਾਤੀ ਦੇ ਪੰਜ ਵਿਅਕਤੀਆਂ ਨੇ ਮੰਗਾ ਪੁੱਤਰ ਵਿਲੀਅਮ ਦੇ ਘਰ ਅੰਦਰ ਵੜ ਕੇ ਮੰਗਾ ਤੇ ਉਸਦੀ ਮਾਤਾ ਸਰਬਜੀਤ ਕੌਰ ਨੂੰ ਗਲੀ ਵਿੱਚ ਧੂਹ ਲਿਆਂਦਾ ਅਤੇ ਉਨ੍ਹਾਂ ਦੀ ਬੇਤਹਾਸ਼ਾ ਕੁੱਟਮਾਰ ਕੀਤੀ ਜਿਸ ਕੁੱਟਮਾਰ ਵਿੱਚ ਮੰਗੇ ਦੀ ਇੱਕ ਉਂਗਲ ਟੁੱਟ ਗਈ, ਉਸਦੀ ਰੀੜ੍ਹ ਦੀ ਹੱਡੀ ਨੂੰ ਭਾਰੀ ਚੋਟ ਆਈ ਅਤੇ ਉਸ ਦੀ ਮਾਤਾ ਦੀ ਵੀ ਧੂਹ ਘਸੀਟ ਕੀਤੀ ਗਈ।ਐੱਮਐੱਲਆਰ ਪੁਲਸ ਨੂੰ ਦੇਣ ਦੇ ਬਾਅਦ ਪੁਲਸ ਨੇ ਇੱਕ ਮਹੀਨਾ ਬੀਤ ਜਾਣ ਉਪਰੰਤ ਵੀ ਕੋਈ ਕੇਸ ਦਰਜ ਨਹੀਂ ਕੀਤਾ, ਉਲਟਾ ਉੱਚ ਜਾਤੀ ਦੇ ਵਿਅਕਤੀਆਂ ਵੱਲੋਂ ਤਿੰਨ ਦਿਨ ਬਾਅਦ ਝੂਠੀ ਐੱਮਐੱਲਆਰ ਬਣਾ ਲਈ ਗਈ।ਇਸ ਸਾਰੇ ਘਟਨਾਕ੍ਰਮ ਸੰਬੰਧੀ ਬਟਾਲਾ ਪੁਲਸ ਜ਼ਿਲ੍ਹੇ ਦੇ ਐੱਸਪੀਡੀ ਨੂੰ ਸ਼ਿਕਾਇਤ ਵੀ ਦਿੱਤੀ ਗਈ ਪਰ ਉਸ ਸ਼ਿਕਾਇਤ ਦਾ ਵੀ ਅਜੇ ਤੱਕ ਨਿਪਟਾਰਾ ਨਹੀਂ ਕੀਤਾ ਗਿਆ।ਆਗੂਆਂ ਪੁਲਸ ਉਪਰ ਸਿਆਸੀ ਦਬਾਅ ਹੇਠ ਮਜ਼ਦੂਰ ਪਰਿਵਾਰ ਨੂੰ ਇਨਸਾਫ ਨਾ ਦੇਣ ਦੇ ਦੋਸ਼ ਲਾਉਂਦਿਆਂ ਹਮਲਾਵਰਾਂ ਵਿਰੁੱਧ ਫੌਰੀ ਕਾਰਵਾਈ ਦੀ ਮੰਗ ਕੀਤੀ ਹੈ।ਇਸ ਸਮੇਂ ਰਣਧੀਰ ਸਿੰਘ, ਕਸ਼ਮੀਰ ਮਸੀਹ ਪੰਚ, ਬਲਦੇਵ ਸਿੰਘ ਸਾਬਕਾ ਸਰਪੰਚ, ਸੁਖਦੇਵ ਸਿੰਘ ਪੰਚ, ਨਿਸ਼ਾਨ ਸਿੰਘ ਸਾਬਕਾ ਪੰਚ ਅਤੇ ਬਚਨ ਸਿੰਘ ਤੇਜਾ ਕਲਾ ਆਦਿ ਆਗੂ ਹਾਜ਼ਰ ਸਨ।

ਸ੍ਰੀ ਗੁਰੂ ਰਵਿਦਾਸ ਜੀ ਦਾ ਜਨਮ ਦਿਹਾੜਾ ਸ਼ਰਧਾ ਭਾਵਨਾ ਨਾਲ ਮਨਾਇਆ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)- ਸ੍ਰੀ ਗੁਰੂ ਰਵਿਦਾਸ ਜੀ ਦਾ 648ਵਾਂ ਜਨਮ ਦਿਹਾੜਾ ਸ੍ਰੀ ਗੁਰੂ ਰਵਿਦਾਸ ਧਰਮਸ਼ਾਲਾ ਕਾਦੀਆਂ ਵਿਖੇ ਸਮੂਹ ਪ੍ਰਬੰਧਕਾਂ, ਸੇਵਾਦਾਰਾਂ ਅਤੇ ਸੰਗਤਾਂ ਦੇ ਸਹਿਯੋਗ ਨਾਲ ਬੜੀ ਹੀ ਸ਼ਰਧਾ ਭਾਵਨਾ ਤੇ ਧੂਮਧਾਮ ਨਾਲ ਮਨਾਇਆ ਗਿਆ। ਜਿਸ ਵਿੱਚ ਗੁਰਬਾਣੀ ਕੀਰਤਨ ਦੇ ਜਾਪ ਕੀਤੇ ਗਏ ਅਤੇ ਇਸ ਉਪਰੰਤ ਵੱਖ-ਵੱਖ ਰਾਜਨੀਤਿਕ ਅਤੇ ਧਾਰਮਿਕ ਜਥੇਬੰਦੀ ਦੇ ਆਗੂਆਂ ਵੱਲੋਂ ਇਲਾਕਾ ਨਿਵਾਸੀਆਂ ਅਤੇ ਸੰਗਤਾਂ ਨੂੰ ਸ੍ਰੀ ਗੁਰੂ ਰਵਿਦਾਸ ਜੀ ਦੇ ਜਨਮ ਦਿਹਾੜੇ ਦੀਆਂ ਵਧਾਈਆਂ ਦਿੱਤੀਆਂ ਗਈਆਂ। ਇਸ ਮੌਕੇ ਅਤੁੱਟ ਲੰਗਰ ਵਰਤਾਇਆ ਗਿਆ। ਸਮੂਹ ਪ੍ਰਬੰਧਕਾਂ ਵੱਲੋਂ ਵੱਖ ਵੱਖ ਰਾਜਨੀਤਿਕ ਅਤੇ ਧਾਰਮਿਕ ਜਥੇਬੰਦੀ ਦੇ ਆਗੂਆਂ ਦਾ ਅਤੇ ਗੁਰਬਾਣੀ ਕੀਰਤਨ ਕਰਨ ਵਾਲੇ ਜਥਿਆਂ ਦਾ ਗੁਰੂ ਬਖਸ਼ਿਸ਼ ਸਿਰੋਪਾ ਪਾ ਕੇ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਨਗਰ ਕੌਂਸਲ ਕਾਦੀਆਂ ਦੇ ਸਾਬਕਾ ਪ੍ਰਧਾਨ ਜਥੇਦਾਰ ਜਰਨੈਲ ਸਿੰਘ ਮਾਹਲ, ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਗੁਰਦਾਸਪੁਰ ਹਲਕਾ ਇੰਚਾਰਜ ਕਾਦੀਆਂ ਆਮ ਆਦਮੀ ਪਾਰਟੀ ਐਡਵੋਕੇਟ ਜਗਰੂਪ ਸਿੰਘ ਸੇਖਵਾਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਗੁਰਿੰਦਰਪਾਲ ਸਿੰਘ ਗੋਰਾ ਅਤੇ ਸਰਬ ਸਾਂਝੀ ਵੈਲਫੇਅਰ ਸਭਾ ਕਾਦੀਆਂ ਦੇ ਪ੍ਰਧਾਨ ਮਹਿੰਦਰ ਪਾਲ ਨੇ ਆਪਣੇ ਸਾਥੀ ਰਮਨ ਕੁਮਾਰ, ਅਜੈ ਕੁਮਾਰ ਤੇ ਸੰਨੀ ਦੇ ਨਾਲ ਹਾਜ਼ਰੀ ਭਰੀ। ਇਸ ਮੌਕੇ ਵੱਖ-ਵੱਖ ਰਾਜਨੀਤਿਕ ਅਤੇ ਧਾਰਮਿਕ ਜਥੇਬੰਦੀਆਂ ਦੇ ਆਗੂਆਂ ਨੇ ਸਮੂਹ ਨਗਰ ਨਿਵਾਸੀ ਸੰਗਤਾਂ ਨੂੰ ਸੰਬੋਧਨ ਕਰਦਿਆਂ ਵਧਾਈ ਦਿੰਦੇ ਹੋਏ ਕਿਹਾ ਕਿ ਆਓ ਸ੍ਰੀ ਗੁਰੂ ਰਵਿਦਾਸ ਜੀ ਦੇ ਦੱਸੇ ਹੋਏ ਮਾਰਗ 'ਤੇ ਚੱਲੀਏ।

ਕਿਰਾਏਦਾਰ ਨੇ ਦੁਕਾਨ ਮਾਲਕ 'ਤੇ ਲਾਏ ਦੁਕਾਨ ਨੂੰ ਢਾਹੁਣ ਦੇ ਦੋਸ਼, ਮਾਲਕ ਨੇ ਦੋਸ਼ਾਂ ਨੂੰ ਨਕਾਰਿਆ; ਪੁਲਸ ਵੱਲੋਂ ਜਾਂਚ ਜਾਰੀ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)- ਕਾਦੀਆਂ ਦੇ ਬੁੱਟਰ ਰੋਡ ਸਥਿਤ ਕਿਰਾਏਦਾਰ ਵੱਲੋਂ ਦੁਕਾਨ ਮਾਲਕ ਦੇ ਉਪਰ ਦੁਕਾਨ ਨੂੰ ਢਾਹੁਣ ਦੇ ਗੰਭੀਰ ਦੋਸ਼ ਲਗਾਉਂਦਿਆਂ ਪੁਲਸ ਨੂੰ ਸ਼ਿਕਾਇਤ ਦੇ ਕੇ ਕਾਰਵਾਈ ਦੀ ਮੰਗ ਕੀਤੀ ਹੈ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਲਖਵਿੰਦਰ ਸਿੰਘ ਉਰਫ ਲੱਖਾ ਵਾਸੀ ਪਿੰਡ ਠੱਕਰ ਸੰਧੂ ਦੇ ਵੱਲੋਂ ਦੱਸਿਆ ਗਿਆ ਕਿ ਉਹ ਪਿਛਲੇ 40 ਸਾਲਾਂ ਤੋਂ ਬੁੱਟਰ ਰੋਡ ਸਥਿਤ ਗੁਰੂ ਲਾਲ ਜਨਰਲ ਸਟੋਰ ਦੇ ਥੱਲੇ ਕਿਰਾਏ 'ਤੇ ਦੁਕਾਨ ਕਰ ਰਿਹਾ ਹੈ ਜਿਸ ਦਾ ਰਿਕਾਰਡ ਨਗਰ ਕੌਂਸਲ ਕਾਦੀਆਂ ਦੇ ਵਿੱਚ ਪਿਛਲੇ 40 ਸਾਲਾਂ ਤੋਂ ਚੱਲ ਰਿਹਾ ਅਤੇ ਉਹ ਆਪਣੀ ਦੁਕਾਨ ਦਾ ਕਿਰਾਇਆ ਵੀ ਦੇ ਰਿਹਾ ਹੈ। ਬੀਤੇ ਦਿਨੀਂ ਗੁਰੂ ਲਾਲ ਜਨਰਲ ਸਟੋਰ ਨੂੰ ਅੱਗ ਲੱਗਣ ਦੇ ਕਾਰਨ ਦੁਕਾਨ ਸਾਰੀ ਸੜ ਕੇ ਸਵਾਹ ਹੋ ਗਈ ਪਰ ਉਸਦੀ ਥੱਲੇ ਦੁਕਾਨ ਨੂੰ ਕੋਈ ਨੁਕਸਾਨ ਨਹੀਂ ਪਹੁੰਚਿਆ ।ਲਖਵਿੰਦਰ ਸਿੰਘ ਨੇ ਦੋਸ਼ ਲਗਾਇਆ ਕਿ ਬੀਤੀ ਮੰਗਲਵਾਰ ਦੀ ਦੇਰ ਰਾਤ ਨੂੰ ਦੁਕਾਨ ਦੇ ਮਾਲਕਾਂ ਵੱਲੋਂ ਉਸ ਦੀ ਦੁਕਾਨ ਨੂੰ ਢਾਹ ਦਿੱਤਾ ਗਿਆ ਜਿਸ ਸਬੰਧੀ ਉਸ ਨੇ ਥਾਣਾ ਕਾਦੀਆਂ ਨੂੰ ਲਿਖਤੀ ਸ਼ਿਕਾਇਤ ਦੇ ਕੇ ਸੰਬੰਧਿਤ ਦੁਕਾਨਦਾਰਾਂ ਦੇ ਖਿਲਾਫ ਕਾਰਵਾਈ ਦੀ ਮੰਗ ਕੀਤੀ ਹੈ।ਲਖਵਿੰਦਰ ਸਿੰਘ ਨੇ ਆਪਣੇ ਸਾਥੀਆਂ ਸਮੇਤ ਅੱਜ ਥਾਣਾ ਕਾਦੀਆਂ ਵਿਖੇ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ ਹੈ ਕਿ ਜੇਕਰ ਉਸ ਨੂੰ ਇਨਸਾਫ ਨਾ ਮਿਲਿਆ ਤਾਂ ਉਹ ਪੁਲਸ ਜ਼ਿਲਾ ਬਟਾਲਾ ਦੇ ਐੱਸਐੱਸਪੀ ਦੇ ਕੋਲੋਂ ਵੀ ਕਾਰਵਾਈ ਦੀ ਮੰਗ ਕਰਨਗੇ। ਜੇਕਰ ਉਨ੍ਹਾਂ ਨੂੰ ਇਨਸਾਫ ਫਿਰ ਵੀ ਨਾ ਮਿਲਿਆ ਤਾਂ ਉਹ ਇਨਸਾਫ ਲੈਣ ਲਈ ਅਗਲੇ ਸੰਘਰਸ਼ ਨੂੰ ਤੇਜ਼ ਕਰਨਗੇ।ਉਧਰ ਦੂਜੇ ਪਾਸੇ ਜਦੋਂ ਇਸ ਮਾਮਲੇ ਸਬੰਧੀ ਦੁਕਾਨ ਮਾਲਕ ਨਾਲ ਗੱਲਬਾਤ ਕੀਤੀ ਗਈ ਤਾਂ ਦੁਕਾਨ ਦੇ ਮਾਲਕ ਨੇ ਦੱਸਿਆ ਕਿ ਲਖਵਿੰਦਰ ਸਿੰਘ ਦੇ ਵੱਲੋਂ ਜੋ ਸਾਡੇ ਉਪਰ ਦੋਸ਼ ਲਗਾਏ ਜਾ ਰਹੇ ਹਨ ਉਹ ਸਰਾਸਰ ਝੂਠੇ ਹਨ ਜਦਕਿ ਸਾਨੂੰ ਨਗਰ ਨਿਗਮ ਦੇ ਵੱਲੋਂ ਅਤੇ ਲੋਕ ਨਿਰਮਾਣ ਵਿਭਾਗ ਦੇ ਵੱਲੋਂ ਇਸ ਸਾਰੀ ਬਿਲਡਿੰਗ ਨੂੰ ਅੱਗ ਲੱਗਣ ਦੇ ਨਾਲ ਜੋ ਡੈਮੇਜ ਹੋ ਗਈ ਸੀ, ਉਸ ਨੂੰ ਢਾਹੁਣ ਦੇ ਹੁਕਮ ਹਨ ਅਤੇ ਅਸੀਂ ਆਪਣੀ ਦੁਕਾਨ ਨੂੰ ਢਾਹ ਰਹੇ ਹਾਂ ਜਿਸ ਦੇ ਚਲਦਿਆਂ ਥੱਲੇ ਦੁਕਾਨ ਦੀਆਂ ਕੰਧਾਂ ਵੀ ਡਿੱਗ ਗਈਆਂ ਹਨ ਕਿਉਂਕਿ ਦੁਕਾਨ ਬਿਲਕੁਲ ਹੀ ਡੈਮੇਜ ਹੋ ਚੁੱਕੀ ਹੈ।ਬਾਕੀ ਜੋ ਲਖਵਿੰਦਰ ਸਿੰਘ ਦੇ ਵੱਲੋਂ ਸਾਡੇ ਉਪਰ ਦੋਸ਼ ਲਗਾਏ ਜਾ ਰਹੇ ਹਨ ਉਹ ਸਰਾਸਰ ਝੂਠੇ ਹਨ।ਇਸ ਮਾਮਲੇ ਸੰਬੰਧੀ ਜਦੋਂ ਪੁਲਸ ਸਣਾ ਕਾਦੀਆਂ ਦੇ ਐੱਸਐੱਚਓ ਨਿਰਮਲ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਲਖਵਿੰਦਰ ਸਿੰਘ ਨਾਮਕ ਵਿਅਕਤੀ ਦੇ ਵੱਲੋਂ ਉਨ੍ਹਾਂ ਨੂੰ ਸ਼ਿਕਾਇਤ ਦਰਜ ਕਰਵਾਈ ਗਈ ਹੈ।ਇਸ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਜਾਂਚ ਵਿੱਚ ਜੋ ਵੀ ਤੱਥ ਸਾਹਮਣੇ ਆਉਣਗੇ ਉਨ੍ਹਾਂ ਦੇ ਆਧਾਰ 'ਤੇ ਅਗਲੀ ਕਾਰਵਾਈ ਨੂੰ ਅਮਲ ਵਿੱਚ ਲਿਆਂਦਾ ਜਾਵੇਗਾ।

ਸਿਟੀ ਰੋਡ ਬਟਾਲਾ 'ਚੋਂ ਨਜਾਇਜ਼ ਕਬਜ਼ੇ ਹਟਾਏ

ਬਟਾਲਾ, (ਡਾਕਟਰ ਮਲਵਿੰਦਰ ਸਿੰਘ)- ਡਿਪਟੀ ਕਮਿਸ਼ਨਰ ਉਮਾ ਸ਼ੰਕਰ ਗੁਪਤਾ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਆਵਾਜਾਈ ਦੀ ਸਹੂਲਤ ਅਤੇ ਲੋਕਾਂ ਦੀ ਮੰਗ ਨੂੰ ਮੱਦੇਨਜ਼ਰ ਰੱਖਦਿਆਂ ਬਜ਼ਾਰਾਂ ਵਿੱਚ ਕੀਤੇ ਨਜਾਇਜ਼ ਕਬਜ਼ਿਆਂ ਵਿਰੁੱਧ ਵਿੱਢੀ ਮੁਹਿੰਮ ਤਹਿਤ ਅੱਜ ਸਿਟੀ ਰੋਡ ਬਟਾਲਾ 'ਤੇ ਦੁਕਾਨਦਾਰਾਂ ਵਲੋਂ ਕੀਤੇ ਨਜਾਇਜ਼ ਕਬਜਿਆਂ ਨੂੰ ਹਟਾਇਆ ਗਿਆ। ਵਿਕਰਮਜੀਤ ਸਿੰਘ ਪਾਂਥੇ ਐੱਸ.ਡੀ.ਐੱਮ-ਕਮ-ਕਮਿਸ਼ਨਰ ਨਗਰ ਨਿਗਮ ਬਟਾਲਾ ਦੀ ਅਗਵਾਈ ਹੇਠ ਕਾਰਪੋਰੇਸ਼ਨ ਅਤੇ ਟਰੈਫਿਕ ਪੁਲਸ ਦੀ ਟੀਮ ਵੱਲੋਂ ਸਿਟੀ ਰੋਡ, ਹੰਸਲੀ ਪੁਲ 'ਤੇ ਕੀਤੇ ਨਜਾਇਜ਼ ਕਬਜ਼ੇ ਹਟਾਏ ਗਏ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਮਿਸ਼ਨਰ ਨਗਰ ਨਿਗਮ ਵਿਕਰਮਜੀਤ ਸਿੰਘ ਪਾਂਥੇ ਨੇ ਕਿਹਾ ਕਿ ਨਜਾਇਜ਼ ਕਬਜ਼ਿਆਂ ਕਾਰਨ ਅਕਸਰ ਹੀ ਬਜ਼ਾਰਾਂ ਵਿੱਚ ਟਰੈਫਿਕ ਜਾਮ ਲੱਗੇ ਰਹਿੰਦੇ ਹਨ ਅਤੇ ਸਕੂਲੀ ਬੱਚਿਆਂ ਅਤੇ ਕਈ ਵਾਰ ਐਂਬੂਲੈਂਸ ਵੀ ਇਸ ਜਾਮ ਵਿੱਚ ਫਸ ਜਾਂਦੀਆਂ ਸਨ।ਉਨ੍ਹਾਂ ਕਿਹਾ ਕਿ ਲੋਕਾਂ ਦੀ ਮੰਗ ਅਤੇ ਆਵਾਜਾਈ ਦੀ ਸਹੂਲਤ ਨੂੰ ਮੁੱਖ ਰੱਖਦੇ ਹੋਏ ਇਹ ਨਜਾਇਜ਼ ਕਬਜ਼ੇ ਹਟਾਉਣ ਦੀ ਕਾਰਵਾਈ ਕੀਤੀ ਗਈ ਹੈ। ਉਨ੍ਹਾਂ ਦੱਸਿਆ ਇਸ ਤੋਂ ਪਹਿਲਾਂ ਦੁਕਾਨਦਾਰਾਂ ਨੂੰ ਕਈ ਵਾਰ ਬੇਨਤੀ ਅਤੇ ਮੁਨਾਦੀ ਰਾਹੀਂ ਵੀ ਕਿਹਾ ਗਿਆ ਸੀ ਕਿ ਉਹ ਖ਼ੁਦ ਹੀ ਆਪਣੀਆਂ ਦੁਕਾਨਾਂ ਅੱਗੋਂ ਨਜਾਇਜ਼ ਕਬਜ਼ੇ ਹਟਾ ਲੈਣ। ਉਨ੍ਹਾਂ ਕਿਹਾ ਕਿ ਕੁਝ ਦੁਕਾਨਦਾਰਾਂ ਨੇ ਆਪਣੀ ਜ਼ਿੰਮੇਵਾਰੀ ਸਮਝਦਿਆਂ ਕਬਜ਼ੇ ਹਟਾਏ ਵੀ ਸਨ ਪਰ ਫਿਰ ਵੀ ਕੁਝ ਅਜਿਹੇ ਦੁਕਾਨਦਾਰ ਹਨ, ਜੋ ਵਾਰ-ਵਾਰ ਅਪੀਲ ਕਰਨ ਦੇ ਬਾਵਜੂਦ ਆਪਣੇ ਕਬਜ਼ੇ ਨਹੀਂ ਹਟਾ ਰਹੇ ਸਨ।ਉਨ੍ਹਾਂ ਦੁਕਾਨਦਾਰਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਜ਼ਿੰਮੇਵਾਰ ਨਾਗਰਿਕ ਬਣਦੇ ਹੋਏ ਖ਼ੁਦ ਹੀ ਆਪਣੀਆਂ ਦੁਕਾਨਾਂ ਅੱਗੋਂ ਨਜਾਇਜ਼ ਕਬਜ਼ੇ ਹਟਾ ਲੈਣ ਅਤੇ ਕਾਰਪੋਰੇਸ਼ਨ ਦੀ ਟੀਮ ਨਾਲ ਸਹਿਯੋਗ ਕਰਨ।ਇਸ ਮੌਕੇ ਟਰੈਫਿਕ ਇੰਚਾਰਜ ਸੁਰਿੰਦਰ ਸਿੰਘ, ਇੰਸਪੈਕਟਰ ਕਾਰਪੋਰੇਸ਼ਨ ਪਲਵਿੰਦਰ ਸਿੰਘ ਆਦਿ ਮੌਜੂਦ ਸਨ।

ਠੱਗੀ ਮਾਰਨ ਵਾਲਿਆਂ ਖਿਲਾਫ਼ ਮਾਮਲਾ ਦਰਜ

ਨਵਾਂਸ਼ਹਿਰ (ਮਨੋਜ ਲਾਡੀ)- ਪੁਲਸ ਥਾਣਾ ਐਨ.ਆਰ.ਆਈ. ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਲੋਂ ਇਕ ਵਿਅਕਤੀ ਨੂੰ ਵਿਦੇਸ਼ ਭੇਜਣ ਦੇ ਨਾਂਅ 'ਤੇ 40 ਲੱਖ ਰੁਪਏ ਦੀ ਠੱਗੀ ਮਾਰਨ ਵਾਲਿਆਂ ਖਿਲਾਫ਼ ਮਾਮਲਾ ਦਰਜ ਕੀਤਾ ਗਿਆ । ਮਿਲੀ ਜਾਣਕਾਰੀ ਅਨੁਸਾਰ ਰਮਨਦੀਪ ਸਿੰਘ ਪੁੱਤਰ ਸਵ. ਕਰਮ ਸਿੰਘ ਵਾਸੀ ਪਿੰਡ ਇਬਰਾਹੀਮਪੁਰ ਨਵਾਂਸ਼ਹਿਰ ਦੇ ਬਿਆਨਾਂ ਉਤੇ ਸਾਹਿਲ ਕੁਮਾਰ ਲੁਥਰਾ ਵਾਸੀ ਟਾਊਨ ਜ਼ਿਲ੍ਹਾ ਪਟਿਆਲਾ, ਸੁਰਜੀਤ ਸਿੰ

14-Feb-PAGE-4.qxd 2/13/2025 11:27 PM Page 1

ਨਵਾਂ ਜ਼ਮਾਨਾ
ਸ਼ੁੱਕਰਵਾਰ, 14 ਫ਼ਰਵਰੀ 2025

ਭ੍ਰਿਸ਼ਟਾਚਾਰ ਤਰੱਕੀਆਂ 'ਤੇ !

ਟਰਾਂਸਪੇਰੈਂਸੀ ਇੰਟਰਨੈਸ਼ਨਲ ਵੱਲੋਂ 2024 ਲਈ ਜਾਰੀ ਭ੍ਰਿਸ਼ਟਾਚਾਰ ਧਾਰਨਾ ਸੂਚਕ ਅੰਕ ਦੱਸਦਾ ਹੈ ਕਿ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਕਿਹੜਾ ਦੇਸ਼ ਕਿੱਥੇ ਖੜ੍ਹਾ ਹੈ। ਇਸ ਮੁਤਾਬਕ ਦੁਨੀਆ ਦੇ 180 ਦੇਸ਼ਾਂ ਵਿੱਚ ਭਾਰਤ 96ਵੇਂ ਸਥਾਨ 'ਤੇ ਹੈ। ਰਿਪੋਰਟ ਮੁਤਾਬਕ 2012 ਦੇ ਬਾਅਦ 32 ਦੇਸ਼ ਆਪਣੇ ਭ੍ਰਿਸ਼ਟਾਚਾਰ ਦੇ ਪੱਧਰ ਵਿੱਚ ਵਰਨਣਯੋਗ ਕਮੀ ਲਿਆਏ ਹਨ, ਪਰ 148 ਦੇਸ਼ਾਂ ਵਿੱਚ ਭ੍ਰਿਸ਼ਟਾਚਾਰ ਸਥਿਰ ਚੱਲ ਰਿਹਾ ਹੈ ਜਾਂ ਉਸ ਦੀ ਸਥਿਤੀ ਹੋਰ ਖਰਾਬ ਹੁੰਦੀ ਜਾ ਰਹੀ ਹੈ। ਸਭ ਤੋਂ ਘੱਟ ਭ੍ਰਿਸ਼ਟ ਦੇਸ਼ਾਂ ਵਿੱਚ ਡੈਨਮਾਰਕ ਟਾਪ 'ਤੇ ਹੈ ਅਤੇ ਉਸ ਦੇ ਬਾਅਦ ਫਿਨਲੈਂਡ ਤੇ ਸਿੰਗਾਪੁਰ ਆਉਂਦੇ ਹਨ। ਭਾਰਤ ਦੇ ਗੁਆਂਢੀਆਂ 'ਚ ਪਾਕਿਸਤਾਨ (135) ਤੇ ਸ੍ਰੀਲੰਕਾ (121) ਆਪਣੀ-ਆਪਣੀ ਘਟੀਆ ਰੈਂਕਿੰਗ ਨਾਲ ਜੂਝ ਰਹੇ ਹਨ, ਜਦਕਿ ਬੰਗਲਾਦੇਸ਼ ਦੀ ਰੈਂਕਿੰਗ ਹੋਰ ਵੀ ਥੱਲੇ 149 'ਤੇ ਹੈ। ਚੀਨ 76ਵੇਂ ਸਥਾਨ 'ਤੇ ਹੈ। ਦੁਨੀਆ-ਭਰ ਵਿੱਚ ਭ੍ਰਿਸ਼ਟਾਚਾਰ ਦਾ ਔਸਤ ਪੱਧਰ 43 ਸਾਲ ਤੋਂ ਸਥਿਰ ਹੈ। ਇਨ੍ਹਾਂ ਵਿੱਚੋਂ ਦੋ-ਤਿਹਾਈ ਤੋਂ ਵੱਧ ਦੇਸ਼ਾਂ ਦਾ ਸਕੋਰ 50 ਤੋਂ ਹੇਠਾਂ ਹੈ। ਅਰਬਾਂ ਲੋਕ ਅਜਿਹੇ ਦੇਸ਼ਾਂ ਵਿੱਚ ਰਹਿੰਦੇ ਹਨ, ਜਿੱਥੇ ਭ੍ਰਿਸ਼ਟਾਚਾਰ ਜੀਵਨ ਨੂੰ ਨਸ਼ਟ ਕਰ ਰਿਹਾ ਹੈ ਅਤੇ ਮਨੁੱਖੀ ਹੱਕਾਂ ਨੂੰ ਕਮਜ਼ੋਰ ਕਰ ਰਿਹਾ ਹੈ।

ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਭਾਰਤ ਦੀ 2015 ਤੋਂ ਚੱਲੀ ਆ ਰਹੀ ਗਿਰਾਵਟ ਹੈਰਾਨ ਕਰਨ ਵਾਲੀ ਹੈ। 2014 ਵਿੱਚ ਮੋਦੀ ਦੀ ਅਗਵਾਈ 'ਚ ਭਾਜਪਾ ਯੂ ਪੀ ਏ-2 ਸਰਕਾਰ ਨੂੰ ਭ੍ਰਿਸ਼ਟਾਚਾਰ ਲਈ ਬਦਨਾਮ ਕਰਕੇ ਸੱਤਾ ਵਿੱਚ ਆਈ ਸੀ। ਮੋਦੀ ਦਾ ਨਾਅਰਾ ਸੀ—ਨਾ ਖਾਊਂਗਾ, ਨਾ ਖਾਨੇ ਦੂੰਗਾ। ਇਹ ਨਾਅਰਾ ਜੁਮਲਾ ਹੀ ਸਾਬਤ ਹੋਇਆ ਹੈ। 2015 ਵਿੱਚ ਭਾਰਤ ਭ੍ਰਿਸ਼ਟਾਚਾਰ ਦੇ ਮਾਮਲੇ 'ਚ 76ਵੇਂ, 2016 ਵਿੱਚ 79ਵੇਂ, 2017 ਵਿੱਚ 81ਵੇਂ, 2018 ਵਿੱਚ 78ਵੇਂ, 2019 ਵਿੱਚ 80ਵੇਂ, 2020 ਵਿੱਚ 86ਵੇਂ, 2021 ਵਿੱਚ 85ਵੇਂ ਤੇ 2023 ਵਿੱਚ 93ਵੇਂ ਸਥਾਨ 'ਤੇ ਆ ਗਿਆ ਸੀ। ਸਾਫ ਹੈ ਕਿ ਮੋਦੀ ਸਰਕਾਰ 'ਚ ਭ੍ਰਿਸ਼ਟਾਚਾਰ ਹਰ ਸਾਲ 'ਤਰੱਕੀ' ਕਰ ਰਿਹਾ ਹੈ। ਰਿਪੋਰਟ 'ਚ ਕਿਹਾ ਗਿਆ ਹੈ ਕਿ ਦੁਨੀਆ ਭਰ ਵਿੱਚ ਵੱਡੀ ਗਿਣਤੀ 'ਚ ਲੋਕ ਤਾਪਮਾਨ ਵਧਣ ਦੇ ਗੰਭੀਰ ਨਤੀਜਿਆਂ ਦਾ ਸਾਹਮਣਾ ਕਰ ਰਹੇ ਹਨ, ਕਿਉਂਕਿ ਤਮਾਮ ਦੇਸ਼ਾਂ ਵਿੱਚ ਗ੍ਰੀਨ ਹਾਊਸ ਗੈਸ ਪੈਦਾ ਕਰਨ ਵਿੱਚ ਕਟੌਤੀ ਲਈ ਜਿਹੜਾ ਫੰਡ ਦਿੱਤਾ ਜਾਂਦਾ ਹੈ, ਉਹ ਭ੍ਰਿਸ਼ਟਾਚਾਰ ਦੀ ਗੰਗਾ ਵਿੱਚ ਵਹਿ ਜਾਂਦਾ ਹੈ। ਅਜਿਹੇ ਫੰਡ ਦੀ ਜੰਮ ਕੇ ਦੁਰਵਰਤੋਂ ਹੁੰਦੀ ਹੈ। ਇਸ ਭ੍ਰਿਸ਼ਟਾਚਾਰ ਕਾਰਨ ਜਲਵਾਯੂ ਪਰਿਵਰਤਨ ਸੰਕਟ ਨਾਲ ਨਿੱਬੜਨ ਦੇ ਮਕਸਦ ਨਾਲ ਬਣਾਈਆਂ ਗਈਆਂ ਨੀਤੀਆਂ ਨੂੰ ਲਾਗੂ ਕਰਨ ਵਿੱਚ ਅੜਿੱਕਾ ਪੈਂਦਾ ਹੈ ਤੇ ਪਰਿਆਵਰਣ ਨੂੰ ਨੁਕਸਾਨ ਪੁੱਜਦਾ ਹੈ। ਭ੍ਰਿਸ਼ਟਾਚਾਰ ਉੱਭਰਦਾ ਹੋਇਆ ਸੰਸਾਰ ਖਤਰਾ ਹੈ, ਜਿਹੜਾ ਵਿਕਾਸ ਨੂੰ ਕਮਜ਼ੋਰ ਕਰਨ ਨਾਲੋਂ ਕਿਤੇ ਵੱਧ ਲੋਕਤੰਤਰ ਨੂੰ ਕਮਜ਼ੋਰ ਕਰਦਾ ਹੈ ਤੇ ਅਸਥਿਰਤਾ ਲਿਆਉਂਦਾ ਹੈ ਅਤੇ ਮਨੁੱਖੀ ਹੱਕਾਂ ਦੀ ਉਲੰਘਣਾ ਵੀ ਇਸ ਨਾਲ ਹੁੰਦੀ ਹੈ। ਰਿਪੋਰਟ ਵਿੱਚ ਸਲਾਹ ਦਿੱਤੀ ਗਈ ਹੈ ਕਿ ਕੌਮਾਂਤਰੀ ਭਾਈਚਾਰੇ ਤੇ ਹਰ ਦੇਸ਼ ਨੂੰ ਭ੍ਰਿਸ਼ਟਾਚਾਰ ਨਾਲ ਨਿੱਬੜਨ ਨੂੰ ਸਭ ਤੋਂ ਵੱਧ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ।

ਹੈਰਾਨੀ ਦੀ ਗੱਲ ਹੈ ਕਿ ਮੋਦੀ ਸਰਕਾਰ ਵਿੱਚ ਭ੍ਰਿਸ਼ਟਾਚਾਰ ਨਿਰੰਤਰ ਤਰੱਕੀ ਕਰ ਰਿਹਾ ਹੈ, ਪਰ ਲੋਕ ਫਿਰ ਰਾਜਾਂ ਤੇ ਕੇਂਦਰ ਵਿੱਚ ਭਾਜਪਾ ਦੀਆਂ ਸਰਕਾਰਾਂ ਬਣਾ ਰਹੇ ਹਨ। ਲੋਕਾਂ ਵੱਲੋਂ ਭ੍ਰਿਸ਼ਟਾਚਾਰ ਨੂੰ ਜ਼ਿੰਦਗੀ ਦਾ ਹਿੱਸਾ ਮੰਨ ਲੈਣ ਦੀ ਪ੍ਰਵਿਰਤੀ ਬਹੁਤ ਖਤਰਨਾਕ ਹੈ। ਡੈਨਮਾਰਕ ਵਰਗੇ ਦੇਸ਼ਾਂ ਦੇ ਲੋਕਾਂ ਦੀਆਂ ਜ਼ਿੰਦਗੀਆਂ ਇਸ ਕਰੇ ਵਧੀਆ ਹਨ, ਕਿਉਂਕਿ ਉੱਥੇ ਭ੍ਰਿਸ਼ਟਾਚਾਰ ਘੱਟ ਹੈ। ਭਾਰਤ ਦੇ ਲੋਕਾਂ ਦੀਆਂ ਜ਼ਿੰਦਗੀਆਂ ਵੀ ਤਾਂ ਹੀ ਬਿਹਤਰ ਹੋਣਗੀਆਂ, ਜਦੋਂ ਉਹ ਇਮਾਨਦਾਰ ਲੋਕਾਂ ਨੂੰ ਚੁਣਨਗੇ। ਇਮਾਨਦਾਰ ਨੁਮਾਇੰਦੇ ਹੀ ਭਾਰਤ ਨੂੰ ਵਿਕਸਤ ਬਣਾਉਣਗੇ, ਵਰਨਾ ਭ੍ਰਿਸ਼ਟਾਚਾਰ ਹੀ ਵਿਕਾਸ ਕਰੇਗਾ।

ਦਾਨਵਾਂ ਦਾ ਦੌਰ

ਰੇਅ ਐਕੀਸਨ
ਅਨੁ. : ਪੁਸ਼ਪਿੰਦਰ

ਅਮਰੀਕਾ - ਕੈਨੇਡਾ ਮੂਲ ਦੇ ਪੱਤਰਕਾਰ ਜੌਹਨ ਵੈਲੈਂਟ ਨੇ ਕਿਤਾਬ ਲਿਖੀ ਹੈ 'ਫਾਇਰ ਵੈਦਰ', ਜਿਸ ਵਿਚ ਉਹ 'ਲੂਕਰੀਟੀਅਸ ਪਰਾਬਲਮ' ਦੀ ਗੱਲ ਕਰਦਾ ਹੈ। ਅਜਿਹਾ ਵਰਤਾਰਾ, ਜਿਸ ਦੌਰਾਨ ਲੋਕ ਸੋਚਦੇ ਹਨ ਕਿ ਉਹ ਸਭ ਜਾਣਦੇ ਹਨ ਕੀ ਹੋ ਰਿਹਾ ਹੈ, ਪਰ ਫਿਰ ਵੀ ਇਹ ਸਮਝਣ ਵਿਚ ਨਾਕਾਮ ਹੁੰਦੇ ਹਨ ਕਿ ਕੀ ਵਾਪਰ ਰਿਹਾ ਹੈ ? ਲੋਕ ਵਾਸਤਵਿਕਤਾ ਨੂੰ ਆਪਣੇ ਪੁਰਾਣੇ ਤਜਰਬੇ ਦੇ ਆਧਾਰ 'ਤੇ ਚਿਤਵਣ ਦੀ ਕੋਸ਼ਿਸ਼ ਕਰਦੇ ਹਨ ਅਤੇ ਆਲੇ-ਦੁਆਲੇ ਵਾਪਰ ਰਹੀਆਂ ਕਠਿਨ ਪ੍ਰਸਥਿਤੀਆਂ ਨੂੰ ਸਮਝਣ ਵਿਚ ਅਸਫਲ ਰਹਿੰਦੇ ਹਨ। ਵੈਲੈਂਟ 2016 ਵਿਚ ਕੈਨੇਡਾ ਵਿਚਲੇ ਅਲਬਰਟਾ ਦੇ ਸ਼ਹਿਰ ਫੋਰਟ ਮੈਕਮਰੇ ਵਿਚ ਲੱਗੀ ਅੱਗ ਦੀ ਭਿਆਨਕਤਾ ਦੇ ਬਾਰੇ ਲਿਖਦਾ ਹੈ ਕਿ ਮੌਸਮੀ ਤਬਦੀਲੀ ਦੇ ਕਾਰਨ, ਜ਼ਮੀਨ ਹੇਠਲੇ ਤੇਲ, ਗੈਸ ਆਦਿ ਦੀ ਵਰਤੋਂ, ਇਮਾਰਤਾਂ ਵਿਚ ਵਰਤੇ ਜਾ ਰਹੇ ਛੇਤੀ ਅੱਗ ਪਕੜਨ ਵਾਲੇ ਸਾਮਾਨ ਦੀ ਵਰਤੋਂ ਕਾਰਨ ਅੱਗ ਦੇ ਨਾਲ ਬਰਬਾਦੀ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ, ਪਰ ਇਹ ਸੰਕਲਪ ਵਰਤਮਾਨ ਅਮਰੀਕਾ ਵਿਚ ਵਪਰ ਰਹੀਆਂ ਰਾਜਨੀਤਕ ਘਟਨਾਵਾਂ ਕਾਰਨ ਹੋ ਰਹੀ ਬਰਬਾਦੀ ਉਪਰ ਵੀ ਇੰਨ-ਬਿੰਨ ਲਾਗੂ ਹੁੰਦਾ ਹੈ।

ਇੱਕ ਉਦਾਹਰਣ 'ਨਿਊਯਾਰਕ ਟਾਈਮਜ਼' ਦੀ ਹੈ। ਇਸ ਨੇ 6 ਫਰਵਰੀ ਦੇ ਐਡੀਸ਼ਨ ਵਿਚ ਰਾਸ਼ਟਰਪਤੀ ਟਰੰਪ ਦੀ ਪਹਿਲੇ ਦਿਨਾਂ ਦੇ ਸ਼ਾਸਨ ਨੂੰ ਕਮਜ਼ੋਰ ਕਿਹਾ ਹੈ, ਕਿਉਂ ਕਿ ਕੈਨੇਡਾ ਅਤੇ ਮੈਕਸੀਕੋ ਉਪਰ ਲਾਗੂ ਕੀਤੇ ਟੈਰਿਫ ਜਲਦੀ ਵਾਪਸ ਲੈ ਲਏ ਹਨ।ਅਖਬਾਰ ਨੇ ਪਰਵਾਸੀਆਂ ਅਤੇ ਟਰਾਂਸ ਲੋਕਾਂ ਨੂੰ ਬਾਹਰ ਕੱਢਣ ਬਾਰੇ ਜਾਰੀ ਕੀਤੇ ਸਰਕਾਰੀ ਹੁਕਮਾਂ ਦਾ ਚਲਦਾ ਜਿਹਾ ਜ਼ਿਕਰ ਕੀਤਾ ਹੈ ਅਤੇ ਇਸ ਤੱਥ ਦਾ ਬਿਲਕੁਲ ਹੀ ਨਹੀਂ ਕਿ ਕਿਵੇਂ ਟੈਕ ਜ਼ਾਰ ਅਣਚੁਣੇ ਐਲਨ ਮਸਕ ਦੀ ਸਰਦਾਰੀ ਹੇਠ ਸੱਤਾ ਦੇ ਗਲਿਆਰਿਆਂ ਵਿਚ ਹੁੱਲੜ ਮਚਾਉਂਦੇ ਫਿਰਦੇ ਹਨ ; ਸਮਾਜ ਸੁਰੱਖਿਆ ਦੀ ਵਿਵਸਥਾ ਨੂੰ ਹਾਈਜੈਕ ਕਰ ਰਹੇ ਹਨ , ਸਰਕਾਰੀ ਸੰਸਥਾਵਾਂ ਦੇ ਮੁਲਾਜ਼ਮਾਂ ਨੂੰ ਨੌਕਰੀ ਤੋਂ ਬਰਖਾਸਤ ਕਰ ਰਹੇ ਹਨ , ਅੰਦਰੇ-ਅੰਦਰ ਹੋਰ ਪਤਾ ਨਹੀਂ ਕੀ ਕੁਝ ਹੋ ਰਿਹਾ ਹੈ। ਪੱਤਰਕਾਰ ਪਾਰਕਰ ਮੋਲਾਏ ਨੇ ਲਿਖਿਆ ਹੈ-ਜੇ ਇਹ ਕੁਝ ਕਿਸੇ ਹੋਰ ਦੇਸ਼ ਵਿਚ ਹੋ ਰਿਹਾ ਹੁੰਦਾ ਤਾਂ ਅਸੀਂ ਕਹਿਣਾ ਸੀ ਕਿ ਰਾਜ ਪਲਟਾ ਹੋ ਗਿਆ ਹੈ।

ਅਜੇ ਵੀ ਕੁਝ ਲੋਕ ਇਹ ਸੋਚਦੇ ਹਨ ਕਿ ਅਮਰੀਕਾ ਵੱਖਰੀ ਕਿਸਮ ਦਾ ਮਹਾਨ ਦੇਸ਼ ਹੈ। ਮੁੱਖ ਧਾਰਾ ਦੇ ਪੁਰਾਣੇ ਸਿਆਸਤਦਾਨ ਅਤੇ ਪੰਡਤ ਅਜੇ ਵੀ ਇਸ ਸੋਚ ਨਾਲ ਜੁੜੇ ਹੋਏ ਹਨ ਕਿ ਅਜਿਹਾ ਕੁਝ ਇਥੇ ਨਹੀਂ ਹੋ ਸਕਦਾ ਅਤੇ ਵਿਵਸਥਾ ਵਿਚਲੀਆਂ ਰੁਕਾਵਟਾਂ ਅਤੇ ਨਜ਼ਰਸਾਨੀਆਂ ਆਖਰ ਭਾਰੀ ਹੋਣਗੀਆਂ, ਕੁਝ ਵੀ ਗੈਰ-ਜਮਹੂਰੀ ਨਹੀਂ ਹੋ ਸਕਦਾ, ਭਾਵੇਂ ਕਿ ਜਿਹਨਾਂ ਸੰਸਥਾਵਾਂ ਉਪਰ ਪੂਰਨ ਵਿਸ਼ਵਾਸ ਹੈ , ਉਹਨਾਂ ਨੂੰ ਬਾਦਸ਼ਾਹੀ ਦੇ ਹੰਕਾਰ ਦੀ ਅੱਗ 'ਤੇ ਸਾੜਿਆ ਜਾ ਰਿਹਾ ਹੈ। ਇਹ ਲੋਕ ਇਹ ਸਵੀਕਾਰਨ ਤੋਂ ਇਨਕਾਰੀ ਹਨ ਕਿ ਜਿਸ ਚਬੂਤਰੇ ਉਪਰ ਫਾਸ਼ੀਵਾਦ ਦੇ ਇਹ ਕਾਰਨਾਮੇ ਕੀਤੇ ਜਾ ਰਹੇ ਹਨ, ਉਸ ਦੀ ਉਸਾਰੀ ਵਿਚ ਉਨ੍ਹਾਂ ਦਾ ਵੀ ਯੋਗਦਾਨ ਹੈ। ਜਾਸੂਸੀ ਤੰਤਰ , ਸਰਹੱਦਾਂ ਦੀ ਨਿਗਰਾਨੀ ਅਤੇ ਦੇਸ਼ ਨਿਕਾਲੇ , ਜਲ੍ਹਾਂ ਅਤੇ ਦੁਸ਼ਵਾਰੀਆਂ , ਦੁਨੀਆਂ ਵਿਚ ਕਦੇ ਨਾ ਬੰਦ ਹੋਣ ਵਾਲੀਆਂ ਜੰਗਾਂ, ਰਾਜਪਲਟੇ, ਦੂਸਰੀ ਵਿਸ਼ਵ ਯੁੱਧ ਤੋਂ ਬਾਅਦ ਅਜਿਹਾ ਆਲਮ ਤਿਆਰ ਕੀਤਾ ਗਿਆ ਹੈ, ਜਿਸ ਉਪਰ ਇਹ ਕੁਝ ਹੋਣਾ ਸੁਭਾਵਕ ਹੀ ਹੈ।

ਉਦਾਰਵਾਦੀ 'ਲੁਕਰੀਟੀਅਸ ਪਰਾਬਲਮ' ਨੂੰ ਲਾਂਭੇ ਰੱਖਦੇ ਹੋਏ ਇਸ ਤੱਥ ਉਪਰ ਕੇਂਦਰਤ ਹੁੰਦੇ ਹਾਂ ਕਿ ਇਸ ਉਥਲ-ਪੁਥਲ ਦੇ ਫਾਸ਼ੀਵਾਦੀ ਨੇਤਾਵਾਂ ਦੀ ਕਾਲਪਨਿਕ ਸ਼ਕਤੀ ਵੀ ਉਨ੍ਹਾਂ ਦਾ ਸਾਥ ਛੱਡ ਗਈ ਹੈ। ਲੇਖਕ ਜੌਹਨ ਗਾਂਜ ਦੇ ਲਫਜ਼ ਹਨ-ਐਲਨ ਮਸਕ ਦੀ ਮੂਰਖਤਾ ਸਰੰਚਨਾਤਮਕ ਹੈ, ਇਸ ਦੀਆਂ ਜੜ੍ਹਾਂ ਗਰੀਕ ਲਫਜ਼ 'ਇਡੀਅਟ' ਵਿਚ ਮਿਲਦੀਆਂ ਹਨ, ਉਹ ਵਿਅਕਤੀ, ਜੋ ਸ਼ਹਿਰ ਦੀ ਸਾਂਝੀ ਰਾਜਸੀ ਜ਼ਿੰਦਗੀ ਦੇ ਅਰਥ ਨਹੀਂ ਸਮਝ ਸਕਦਾ। ਇਹ ਲੋਕ ਨਹੀਂ ਸਮਝ ਸਕਦੇ ਕਿ ਉਨ੍ਹਾਂ ਦੀ ਦੌਲਤ ਅਤੇ ਸ਼ਕਤੀ ਉਨ੍ਹਾਂ ਦੀ ਆਪਣੀ ਖੁਦ ਦੀ ਉਪਜ ਨਹੀਂ ਹੈ, ਸਗੋਂ ਇਹ ਸਭ ਕੁਝ ਰਾਜ ਅਤੇ ਸਮਾਜ ਵੱਲੋਂ ਕੀਤੇ ਸਾਂਝੇ ਯਤਨਾਂ ਦੀ ਪੈਦਾਵਾਰ ਹੈ। ਇਸ ਦੀ ਸਾਰਥਕਤਾ ਸਮਾਜ ਉਪਰ ਹੀ ਨਿਰਭਰ ਕਰਦੀ ਹੈ।

ਅਜਿਹੀ ਸਰੰਚਨਾਤਮਕ ਮੂਰਖਤਾ ਇਜ਼ਰਾਈਲ ਦੇ ਇਸ ਵਿਸ਼ਵਾਸ ਵਿਚ ਵੀ ਹੈ, ਜੋ ਇਹ ਸਮਝ ਰਿਹਾ ਹੈ ਕਿ ਬੰਬਾਂ ਦੀ ਅੱਗ, ਭੁੱਖ, ਕਤਲੇਆਮ ਦੇ ਰਸਤੇ ਉਹ ਗਾਜ਼ਾ, ਵੈਸਟ ਬੈਂਕ, ਲਿਬਨਾਨ, ਈਰਾਨ ਵਿਚ ਆਪਣੀ ਮਨਮਰਜ਼ੀ ਕਰ ਸਕਦਾ ਹੈ। ਇਹ ਪ੍ਰਵਿਰਤੀ ਅਸੀਂ ਟਰੰਪ ਦੇ ਹੰਕਾਰ ਵਿਚ ਵੀ ਦੇਖ ਸਕਦੇ ਹਾਂ, ਜੋ ਸਮਝਦਾ ਹੈ ਕਿ ਕੈਨੇਡਾ, ਪਨਾਮਾ ਕੈਨਾਲ , ਗਰੀਨਲੈਂਡ ਅਤੇ ਹੁਣ ਗਾਜ਼ਾ ਨੂੰ ਵੀ ਖਰੀਦ ਸਕਦਾ ਹੈ ਜਾਂ ਲੋੜ ਪੈਣ 'ਤੇ ਕਬਜ਼ਾ ਵੀ ਕਰ ਸਕਦਾ ਹੈ। ਕਿਉਂ ਨਹੀਂ? ਸਾਬਕਾ ਰਾਸ਼ਟਰਪਤੀ ਬਾਈਡਨ ਦੇ ਪ੍ਰਸ਼ਾਸਨ ਨੇ ਇਜ਼ਰਾਈਲ ਦੀ ਮਦਦ ਨਾਲ ਗਾਜ਼ਾ ਨੂੰ ਤਬਾਹ ਕਰਨ ਦਾ ਕੰਮ ਕਰ ਦਿੱਤਾ ਹੋਇਆ ਹੈ , ਹੁਣ ਤਾਂ ਸਿਰਫ ਫਲਸਤੀਨੀ ਜਨਤਾ ਨੂੰ ਬਿਲੇ ਲਾਉਣ ਦਾ ਕੰਮ ਬਾਕੀ ਹੈ , ਕਿਸੇ ਵੀ ਢੰਗ ਨਾਲ ਬੇਦਖਲ ਕਰਕੇ ਜਾਂ ਵੈਸੇ ਹੀ ਨਸਲਕੁਸ਼ੀ ਕਰਕੇ। ਆਪਣੀਆਂ ਨਸਲਕੁਸ਼ੀ ਬਾਹਾਂ ਨੂੰ ਉਹ ਪਹਿਲਾਂ ਹੀ ਵਰਤ ਰਿਹਾ ਹੈ : ਵਿਦੇਸ਼ੀ ਸ਼ਰਨਾਰਥੀਆਂ ਨੂੰ ਗੂਆਟਨਾਮੋ ਦੇ ਟਾਪੂ ਵਿਚ ਭੇਜ ਕੇ ਅਤੇ ਸ਼ਾਇਦ ਹੁਣ ਐਲ ਸੈਲਵਾਡੋਰ ਦੀਆਂ ਜ਼ੁਲਮ ਤੇ ਬਰਬਰਤਾ ਲਈ ਮਸ਼ਹੂਰ ਵੱਡੇ ਜੇਲ੍ਹਖਾਨੇ ਵੀ ਲੱਭ ਗਏ ਹਨ। ਹੱਥਕੜੀਆਂ ਪਹਿਨਾ ਕੇ ਪਰਵਾਸੀਆਂ ਨੂੰ ਦੇਸ਼ੋਂ ਬਾਹਰ ਕੱਢ ਕੇ।

ਇੱਕ ਵਿਨਾਸ਼ਕਾਰੀ ਆਵੇਗ ਦੂਸਰੇ ਨੂੰ ਉਤਸ਼ਾਹਤ ਕਰਦਾ ਹੈ। ਸੰਚਾਰਮਕ ਮੂਰਖਤਾ ਦਾ ਵਿਕਾਸ ਪਹਿਲਾਂ ਕੀਤੇ ਗਲਤ ਕੰਮਾਂ ਦੀ ਸਜ਼ਾ ਨਾ ਮਿਲਣ ਕਾਰਨ ਹੁੰਦਾ ਹੈ, ਜਿਵੇਂ ਕਿ ਜੌਹਨ ਵੈਂਲੈਂਟ ਨੇ ਫੋਰਟ ਮੈਕਮਰੇ ਦੀ ਅੱਗ ਨੂੰ ਬਿਆਨ ਕੀਤਾ ਹੈ : ਜਿਉਂ-ਜਿਉਂ ਲਪਟਾਂ ਉਪਰ ਉਠਦੀਆਂ ਹਨ , ਤਪਸ਼ ਵਧਦੀ ਹੈ, ਅੱਗ ਹੋਰ ਤੇਜ਼ ਹੁੰਦੀ ਜਾਂਦੀ ਹੈ। ਜੇ ਟਰੰਪ, ਮਸਕ, ਨੇਤਨਯਾਹੂ ਨੂੰ ਆਪਣੇ ਕਰਮਾਂ ਦਾ ਫਲ ਨਹੀਂ ਮਿਲਦਾ, ਉਨ੍ਹਾਂ ਦੇ ਹੌਸਲੇ ਹੋਰ ਬੁਲੰਦ ਹੁੰਦੇ ਜਾਣਗੇ , ਆਪਣੇ ਆਪ ਨੂੰ ਅਜਿੱਤ ਸਮਝਣ ਲੱਗ ਪੈਣਗੇ। ਜੇ ਅਮਰੀਕਾ ਵੱਲੋਂ ਇਜ਼ਰਾਈਲ ਨੂੰ ਦਿੱਤੀ ਜਾ ਰਹੀ ਸਹਾਇਤਾ ਰੁਕਦੀ ਨਹੀਂ ਜਾਂ ਦੁਨੀਆ ਵਾਲੇ ਇਜ਼ਰਾਈਲ ਵੱਲੋਂ ਕੀਤੇ ਅੱਤਿਆਚਾਰ ਮਾਨਵੀ ਕਤਲੇਆਮ ਨੂੰ ਰੋਕਣ ਵਿਚ ਅਸਫਲ ਰਹਿੰਦੇ ਹਨ ਤਾਂ ਮਨੁੱਖਾਂ ਦੀ ਨਸਲਕੁਸ਼ੀ ਦੇ ਭੂਤ ਸਾਡੇ ਸੁਪਨਿਆਂ ਵਿਚ ਆਉਣਗੇ। ਤਾਰਿਕ ਕੈਨੀ-ਸ਼ਵਾ ਲਿਖਦਾ ਹੈ- ਜਦ ਬੱਚਿਆਂ ਨੂੰ ਗੋਲੀਆਂ ਨਾਲ ਭੁੰਨਿਆ ਜਾ ਰਿਹਾ ਹੈ, ਹਸਪਤਾਲਾਂ, ਸਕੂਲਾਂ ਨੂੰ ਬੇਖੌਫ ਤਬਾਹ ਕੀਤਾ ਜਾ ਸਕਦਾ ਹੈ, ਪੱਤਰਕਾਰਾਂ ਨੂੰ ਬਿਨਾਂ ਕਿਸੇ ਦੇ ਡਰ ਤੋਂ ਦਰੜਿਆ ਜਾ ਰਿਹਾ ਹੈ, ਮਾਰਨ ਉਪਰੰਤ ਵੀ ਲਾਸ਼ਾਂ ਨੂੰ ਆਤੰਕੀ ਕਿਹਾ ਜਾ ਸਕਦਾ ਹੈ , ਇਸ ਸਭ ਦੇ ਬਾਵਜੂਦ ਨਿਆਂਪੂਰਨ ਅੰਤਰਰਾਸ਼ਟਰੀ ਵਿਵਸਥਾ ਦੇ ਰਾਖਿਆਂ ਵੱਲੋਂ ਇਨ੍ਹਾਂ ਲੋਕਾਂ ਦੀ ਪਦਾਰਥਕ ਤੇ ਵਿੱਤੀ ਸਹਾਇਤਾ ਜਾਰੀ ਰੱਖੀ ਜਾ ਰਹੀ ਤਾਂ ਅਸੀਂ ਮਾਨਵੀ ਵਿਕਾਸ ਦੇ ਵਾਪਸ ਉਸ ਪੜਾਅ 'ਤੇ ਪਹੁੰਚ ਜਾਵਾਂਗੇ, ਜੋ ਸਮਝਦੇ ਸਾਂ ਬਹੁਤ ਪਿੱਛੇ ਛੱਡ ਆਏ ਹਾਂ (ਆਦਿ-ਮਨੁੱਖ ਦੇ ਪੜਾਅ ਤੇ)। ਮਾਹੌਲ ਅਜਿਹਾ ਹੈ ਕਿ ਅਪਰਾਧੀਆਂ ਦਾ ਬੋਲਬਾਲਾ ਹੈ।

6 ਜਨਵਰੀ 2021 ਵਾਲੇ ਦਿਨ ਕੈਪੀਟੋਲ ਹਿਲ , ਪਾਰਲੀਮੈਂਟਰੀ ਹਾਊਸ ਉਪਰ ਹਮਲਾ ਕਰਨ ਵਾਲੇ ਧਾੜਵੀਆਂ ਦੀ ਸਜ਼ਾ ਮੁਆਫੀ ਵੀ ਸਾਨੂੰ ਡਰਾਉਂਦੀ ਰਹੇਗੀ।ਨਾ ਸਿਰਫ ਰਾਜ ਪਲਟਾ ਕਰਨ ਦੀ ਕੋਸ਼ਿਸ਼ ਕਰਦੇ ਧਾੜਵੀਆਂ ਦਾ ਕਰਮਾਂ ਦਾ ਫਲ ਭੁਗਤਣ ਦਾ ਖੌਫ ਮੁਕ ਗਿਆ ਹੈ, ਸਗੋਂ ਉਹ ਹੁਣ ਸਜ਼ਾ ਦੇਣ ਵਾਲੇ ਜੱਜਾਂ ਦੇ ਖਿਲਾਫ ਕਾਰਵਾਈ ਦੀ ਮੰਗ ਕਰ ਰਹੇ ਹਨ , ਭੁਗਤੀ ਕੈਦ ਦਾ ਹਰਜਾਨਾ ਮੰਗ ਰਹੇ ਹਨ, ਜਿਵੇਂ ਕੋਈ ਬਲਾਤਕਾਰ ਦਾ ਮੁਜਰਮ ਨਿਆਂ ਕਰਨ ਵਾਲੇ ਨੂੰ ਦੋਸ਼ੀ ਬਣਾ ਰਿਹਾ ਹੋਵੇ-ਤੈਨੂੰ ਬੇਇੱਜ਼ਤ ਕਰਨ ਦੀ ਮੈਨੂੰ ਇਜ਼ਾਜਤ ਮਿਲੀ ਹੋਈ ਹੈ।ਜੇ ਤੂੰ ਮੈਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਮੈਂ ਤੇਰੀ ਜ਼ਿੰਦਗੀ ਤਬਾਹ ਕਰ ਦੇਵਾਂਗਾ। ਜੂਡਿਥ ਬਟਲਰ ਬਿਆਨ ਕਰਦਾ ਹੈ ਕਿ ਇਹ ਇੱਕ ਖਾਸ ਕਿਸਮ ਦਾ ਮਰਦਾਊਪੁਣਾ ਹੈ, ਜੋ ਆਜ਼ਾਦੀ ਦਾ ਜਸ਼ਨ ਮਨਾਉਂਦਾ ਹੈ, ਜਦ ਕਿ ਵਿਅਕਤੀਗਤ ਆਜ਼ਾਦੀ ਲਈ ਲੋਕਾਂ ਨੇ ਦਹਾਕਿਆਂ ਤੱਕ ਸੰਘਰਸ਼ ਕੀਤਾ ਹੈ, ਜਿਸ ਦਾ ਹੁਣ ਮਜ਼ਾਕ ਉਡਾਇਆ ਜਾ ਰਿਹਾ ਹੈ।

ਅਮਰੀਕਾ ਦੀ ਅਜੋਕੀ ਰਾਜਸੀ ਵਿਵਸਥਾ ਬੇਰਹਿਮ ਮਾਨਸਿਕਤਾ ਦੀ ਮਾਲਕ ਹੈ। ਨਫ

14-FEB-PAGE-5.qxd 2/13/2025 8:43 PM Page 1

ਸਾਂਝੇ ਫਰੰਟ ਨੇ ਵਿਧਾਇਕ ਮਾਨਸਾ ਤੇ ਸਰਦੂਲਗੜ੍ਹ ਨੂੰ ਸੌਂਪੇ ਮੰਗ ਪੱਤਰ

ਮਾਨਸਾ (ਆਤਮਾ ਸਿੰਘ ਪਮਾਰ)-ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝੇ ਫਰੰਟ ਵੱਲੋਂ ਫਰੰਟ ਦੇ ਕਨਵੀਨਰਾਂ ਸਿੰਕਦਰ ਸਿੰਘ ਘਰਾਂਗਣਾ, ਜਨਕ ਸਿੰਘ ਫਤਿਹਪੁਰ, ਬਿੱਕਰ ਸਿੰਘ ਮਾਖਾ, ਮਨਿੰਦਰ ਜਵਾਹਰਕੇ ਤੇ ਰਾਜ ਕੁਮਾਰ ਰੰਗਾ ਦੀ ਅਗਵਾਈ ਵਿੱਚ ਹਲਕਾ ਵਿਧਾਇਕ ਮਾਨਸਾ ਤੇ ਹਲਕਾ ਵਿਧਾਇਕ ਸਰਦੂਲਗੜ੍ਹ ਨੂੰ ਮੰਨੀਆਂ ਮੰਗਾਂ ਨੂੰ ਲਾਗੂ ਕਰਵਾਉਣ ਲਈ ਵੱਡੀ ਗਿਣਤੀ ਵਿੱਚ ਇੱਕਤਰ ਮੁਲਾਜ਼ਮਾਂ ਵੱਲੋਂ ਮੰਗ ਪੱਤਰ ਸੌਂਪੇ ਗਏ।ਦੋਵੇਂ ਵਿਧਾਇਕਾਂ ਦੇ ਮੌਕੇ 'ਤੇ ਹਾਜ਼ਰ ਨਾ ਹੋਣ ਕਾਰਨ ਉਨ੍ਹਾਂ ਦੇ ਪੀ. ਏ. ਨੂੰ ਮੰਗ ਪੱਤਰ ਦਿੱਤੇ ਗਏ।ਮੰਗਾਂ ਪੱਤਰ ਅਨੁਸਾਰ ਮੰਗ ਕੀਤੀ ਗਈ ਕਿ ਮੁਲਾਜ਼ਮ ਫਰੰਟ ਸਰਕਾਰ ਤੋਂ ਕੁੱਝ ਵੀ ਨਵਾਂ ਨਹੀਂ ਮੰਗ ਰਿਹਾ, ਸਗੋਂ ਲੰਮੇ ਸਮੇਂ ਤੋਂ ਪ੍ਰਾਪਤ ਕੀਤੀਆਂ ਮੰਗਾਂ ਨੂੰ ਸਰਕਾਰ ਇੱਕ-ਇੱਕ ਕਰਕੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਤੋਂ ਖੋਹ ਰਹੀ ਹੈ, ਜਿਸ ਕਰਕੇ ਮੰਗ ਕੀਤੀ ਗਈ ਹੈ ਕਿ ਹੈ ਕਿ ਖੋਹੇ 37 ਭੱਤੇ ਮੁੜ ਬਹਾਲ ਕੀਤੇ ਜਾਣ ਤੇ ਪੁਰਾਣੀ ਪੈਨਸ਼ਨ ਸਕੀਮ ਵੀ ਲਾਗੂ ਕੀਤੀ ਜਾਵੇ।ਪੈਨਸ਼ਨਰਾਂ ਦੀ ਪੈਨਸ਼ਨ ਦੁਹਰਾਈ 2.59 ਦੇ ਗੁਣਾਂਕ ਨਾਲ। 01-01-2016 ਤੋਂ ਲਾਗੂ ਕੀਤੀ ਜਾਵੇ। ਵੱਖ ਵੱਖ ਵਿਭਾਗਾਂ ਵਿੱਚ ਕੰਮ ਕਰਦੇ ਕੱਚੇ ਮੁਲਾਜ਼ਮ ਨੂੰ ਰੈਗੂਲਰ ਕੀਤਾ ਜਾਵੇ।ਆਂਗਣਵਾੜੀ, ਆਸ਼ਾ ਵਰਕਰ, ਮਿੱਡ ਡੇ ਮੀਲ ਆਦਿ ਜੋ ਮਾਣ ਭੱਤੇ 'ਤੇ ਕੰਮ ਕਰਦੀਆਂ ਹਨ, ਉਨ੍ਹਾਂ 'ਤੇ ਘੱਟੋ-ਘੱਟ ਉਜ਼ਰਤ ਸਕੀਮ 18000/-ਰੂਪੈ ਪ੍ਰਤੀ ਮਹੀਨਾ ਲਾਗੂ ਕੀਤੀ ਜਾਵੇ।ਤਨਖਾਹ ਦੁਹਰਾਈ ਦਾ ਫਾਰਮੂਲਾ 2.72 ਗੁਣਾਂਕ ਨਾਲ ਲਾਗੂ ਕੀਤਾ ਜਾਵੇ।ਫਰੰਟ ਦੇ ਆਗੂਆਂ ਮੱਖਣ ਸਿੰਘ ਉੱਡਤ, ਮੇਜਰ ਸਿੰਘ ਦੂਲੋਵਾਲ, ਅਜੈਬ ਅਲੀਸ਼ੇਰ ਨੇ ਮੰਗ ਕੀਤੀ ਕਿ ਮਿਤੀ 15-01-2015 ਦਾ ਮੁੱਢਲੀ ਤਨਖਾਹ ਦਾ ਫਾਰਮੂਲਾ ਰੱਦ ਕਰਕੇ ਪ੍ਰਬੇਸ਼ਨ ਸਮੇਂ ਦੌਰਾਨ ਪੂਰੀ ਤਨਖਾਹ ਸਮੇਤ ਭੱਤੇ ਦਿੱਤੇ ਜਾਣ।17 ਜੁਲਾਈ 2020 ਤੋਂ ਲਾਗੂ ਕੇਂਦਰੀ ਸਕੇਲ ਰੱਦ ਕਰਕੇ ਪੰਜਾਬ ਦੇ ਤਨਖਾਹ ਸਕੇਲ ਮੁੜ ਲਾਗੂ ਕੀਤੇ ਜਾਣ। ਮਹਿੰਗਾਈ ਭੱਤਾ 11% ਦਿੱਤਾ ਜਾਵੇ।ਇਸ ਭੱਤੇ ਪਿਛਲੀਆਂ ਕਿਸ਼ਤਾਂ, 258 ਮਹੀਨਿਆਂ ਦੇ ਬਕਾਏ 31 ਜਨਵਰੀ-2025 ਤੱਕ ਦੇ ਦਿੱਤੇ ਜਾਣ ਮੁਲਾਜ਼ਮਾਂ ਪੱਖੀ ਅਦਾਲਤਾਂ ਦੇ ਫੈਸਲੇ ਵੀ ਲਾਗੂ ਕਰਕੇ ਜਨਰਲਾਈਜ਼ ਕੀਤੇ ਜਾਣ।ਟ੍ਰੇਡ ਯੂਨੀਅਨ ਅਧਿਕਾਰਾਂ ਕੁਚਲਣ ਵਾਲੇ ਪੱਤਰ ਰੱਦ ਕੀਤੇ ਜਾਣ।ਇਸ ਸਮੇਂ ਹੋਰਨਾਂ ਤੋਂ ਇਲਾਵਾ ਅਮਰ ਸਿੰਘ, ਹਿੰਮਤ ਸਿੰਘ ਦੂਲੋਵਾਲ, ਬਿੱਕਰ ਮਘਾਣੀਆਂ, ਗੁਰਤੇਜ ਸਿੰਘ ਤਾਮਕੋਟ, ਸੇਠੀ ਸਿੰਘ ਸਰਾਂ, ਜਗਦੀਸ਼ ਰਾਏ, ਪ੍ਰਿਥੀ ਸਿੰਘ ਮਾਨ, ਹਰੀ ਸਿੰਘ ਸਹਾਰਨਾ, ਜਸਵੰਤ ਸਿੰਘ ਕੁਲਹਿਰੀ, ਹਰਬੰਸ ਸਿੰਘ ਫਰਵਾਹੀ, ਸੁਰਜੀਤ ਸਿੰਘ ਖਿਆਲਾ, ਜੀਤ ਸਿੰਘ ਭੁੱਲਰ ਤੇ ਸੁਭਾਸ਼ ਕੁਮਾਰ ਆਦਿ ਆਗੂ ਹਾਜ਼ਰ ਸਨ।

ਦਲ ਖਾਲਸਾ ਦੀ ਇਕੱਤਰਤਾ ਗੁਰਦੁਆਰਾ ਅਕਾਲਗੜ੍ਹ ਕੋਟ ਈਸੇ ਖਾਂ 'ਚ ਹੋਈ

ਮੋਗਾ (ਇਕਬਾਲ ਸਿੰਘ ਖਹਿਰਾ)

ਦਲ ਖਾਲਸਾ ਜ਼ਿਲ੍ਹਾ ਮੋਗਾ ਦੀ ਇਕੱਤਰਤਾ ਗੁਰਦੁਆਰਾ ਅਕਾਲਗੜ੍ਹ ਛਾਉਣੀ ਨਿਹੰਗ ਸਿੰਘਾਂ ਕੋਟ ਈਸੇ ਖਾਂ ਵਿਖੇ ਸਾਰਜ ਸਿੰਘ ਬਹਿਰਾਮ ਕੇ ਦੀ ਪ੍ਰਧਾਨਗੀ ਹੇਠ ਹੋਈ।ਇਕੱਤਰਤਾ ਦੀ ਕਾਰਵਾਈ ਜਥੇਦਾਰ ਜਗਜੀਤ ਸਿੰਘ ਖੋਸਾ ਤੇ ਸੁਰਜੀਤ ਸਿੰਘ ਖਾਲਿਸਤਾਨੀ ਪੰਜਾਬ ਐਗਜ਼ੈਕਟਿਵ ਕਮੇਟੀ ਮੈਂਬਰ ਨੇ ਚਲਾਈ।ਇਸ ਮੌਕੇ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਅਹੁਦੇ ਤੋਂ ਹਟਾਉਣ ਉੱਤੇ ਤਿੱਖੀ ਪ੍ਰਤੀਕਿਰਿਆ ਦਿੰਦਿਆਂ ਦਲ ਖ਼ਾਲਸਾ ਨੇ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਪ੍ਰਧਾਨ ਸੁਖਬੀਰ ਸਿੰਘ ਬਾਦਲ 'ਤੇ ਸ਼੍ਰੋਮਣੀ ਕਮੇਟੀ ਨੂੰ ਆਪਣੇ ਇਸ਼ਾਰੇ 'ਤੇ ਚਲਾਉਣ ਦਾ ਦੋਸ਼ ਲਗਾਇਆ ਹੈ।ਸਿੱਖ ਜਥੇਬੰਦੀ ਨੇ ਕਿਹਾ ਕਿ ਅਕਾਲੀਆਂ ਵੱਲੋਂ ਤਖਤਾਂ ਦੀ ਮਾਣ ਮਰਯਾਦਾ ਤੇ ਸਰਵਉੱਚਤਾ ਅਤੇ ਜਥੇਦਾਰ ਦੀ ਪਦਵੀ ਨਾਲ ਖਿਲਵਾੜ ਕਰਨ ਦੀ ਕਵਾਇਦ ਜਾਰੀ ਹੈ।ਜਥੇਬੰਦੀ ਦੀ ਮੋਗਾ ਵਿਖੇ ਮਹੀਨਾਵਾਰ ਹੋਈ ਜ਼ਿਲ੍ਹੇ ਪੱਧਰ ਦੀ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਦਲ ਖਾਲਸਾ ਦਾ ਇਹ ਦ੍ਰਿੜ੍ਹ ਵਿਸ਼ਵਾਸ ਹੈ ਕਿ ਜਦੋਂ ਤੱਕ ਤਖ਼ਤ ਜਥੇਦਾਰਾਂ ਦੀ ਨਿਯੁਕਤੀ ਤੇ ਉਨ੍ਹਾਂ ਨੂੰ ਸੇਵਾ ਮੁਕਤ ਕਰਨ ਦਾ ਕੋਈ ਵਿਧੀ-ਵਿਧਾਨ ਹੋਂਦ ਵਿੱਚ ਨਹੀਂ ਆਉਂਦਾ, ਉਦੋਂ ਤੱਕ ਸਿੱਖ ਪੰਥ ਨੂੰ ਸ਼ਰਮਸਾਰ ਕਰਨ ਵਾਲੇ ਅਜਿਹੇ ਅਣਸੁਖਾਵੇਂ ਹਾਲਾਤ ਮੁੜ-ਮੁੜ ਸਾਹਮਣੇ ਆਉਂਦੇ ਰਹਿਣਗੇ।

ਆਗੂਆਂ ਨੇ ਦੱਸਿਆ ਕਿ ਬੀਤੇ ਦਿਨੀ ਸ਼੍ਰੋਮਣੀ ਕਮੇਟੀ ਨੇ ਨੈਤਿਕ ਦੁਰਾਚਾਰ ਦੇ ਫਰਜ਼ੀ ਦੋਸ਼ਾਂ ਤਹਿਤ ਗਿਆਨੀ ਹਰਪ੍ਰੀਤ ਸਿੰਘ ਨੂੰ ਤਖ਼ਤ

ਦੇ ਜਥੇਦਾਰ ਦੇ ਅਹੁਦੇ ਤੋਂ ਹਟਾ ਦਿੱਤਾ ਹੈ।ਜਥੇਬੰਦੀ ਦੇ ਸੀਨੀਅਰ ਆਗੂ ਜਥੇਦਾਰ ਜਗਜੀਤ ਸਿੰਘ ਖੋਸਾ ਤੇ ਸੁਰਜੀਤ ਸਿੰਘ ਖਾਲਿਸਤਾਨੀ ਨੇ ਕਿਹਾ ਕਿ ਇਹ ਪਹਿਲੀ ਵਾਰ ਨਹੀਂ ਹੈ ਜਦੋਂ ਸ਼੍ਰੋਮਣੀ ਕਮੇਟੀ ਵੱਲੋਂ ਕਿਸੇ ਜਥੇਦਾਰ ਨੂੰ ਬੇਇੱਜ਼ਤ ਕਰਕੇ ਹਟਾਇਆ ਗਿਆ ਹੈ।ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਸੁਖਬੀਰ ਬਾਦਲ ਅੱਜ ਵੀ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਨੂੰ ਰਿਮੋਟ ਕੰਟਰੋਲ ਰਾਹੀਂ ਚਲਾ ਰਿਹਾ ਹੈ।ਉਨ੍ਹਾਂ ਕਿਹਾ ਕਿ ਸਵਾਲ ਸਿਰਫ਼ ਹਰਪ੍ਰੀਤ ਸਿੰਘ ਨੂੰ ਹਟਾਉਣ ਦਾ ਨਹੀਂ ਸਗੋਂ ਜਿਸ ਭੱਦੇ ਤਰੀਕਿਆਂ ਨਾਲ ਰਾਜਸੀ ਲੋਕਾਂ ਵੱਲੋਂ ਇਸ ਪਦਵੀ ਦਾ ਨਿਰਾਦਰ ਕਰਨ ਦਾ ਹੈ।ਉਨ੍ਹਾਂ ਕਿਹਾ ਕਿ ਦਲ ਖਾਲਸਾ ਵਲੋਂ ਬਹੁਤ ਜਲਦ ਹਮ-ਖਿਆਲ ਜਥੇਬੰਦੀਆਂ ਅਤੇ ਸਿੱਖ ਚਿੰਤਕਾਂ ਨਾਲ ਸਲਾਹ-ਮਸ਼ਵਰਾ ਕਰਕੇ ਇੱਕ ਸਿੱਖ ਸੰਮੇਲਨ ਬੁਲਾਇਆ ਜਾਵੇਗਾ, ਜਿਸ ਵਿੱਚ ਪੰਜ ਤਖ਼ਤਾਂ ਦੇ ਜਥੇਦਾਰਾਂ ਦੀ ਨਿਯੁਕਤੀ ਤੇ ਸੇਵਾ ਮੁਕਤੀ ਲਈ ਨਿਯਮਾਂ ਤੇ ਵਿਧੀ-ਵਿਧਾਨ ਘੜਨ ਬਾਰੇ ਕੌਮੀ ਸਾਂਝੀ ਰਾਏ ਬਣਾਈ ਜਾ ਸਕੇ।ਇਸ ਮੌਕੇ ਦਲ ਖਾਲਸਾ ਦੇ ਜ਼ਿਲ੍ਹਾ ਪ੍ਰਧਾਨ ਸਾਰਜ ਸਿੰਘ ਬਰਿਹਮਕੇ ਨੇ ਮੀਟਿੰਗ ਨੂੰ ਸੰਬੋਧਨ ਹੁੰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੇ ਇਸ ਫ਼ੈਸਲੇ ਉੱਤੇ ਸਵਾਲ ਖੜ੍ਹੇ ਕਰਦਿਆਂ ਆਖਿਆ ਕਿ ਧਾਮੀ ਨੇ ਹਾਲਾਤਾਂ ਤੇ ਬਾਦਲ ਦਲ ਦੀ ਲੀਡਰਸ਼ਿਪ ਸਾਹਮਣੇ ਗੋਡੇ ਟੇਕ ਦਿੱਤੇ ਹਨ।

ਆਗੂਆਂ ਨੇ ਇਸ ਮੌਕੇ ਸਾਂਝੇ ਰੂਪ ਵਿੱਚ ਸਿੱਖ ਅਵਾਮ ਨੂੰ ਇੱਕਜੁੱਠ ਹੋਣ ਤੇ ਸ਼੍ਰੋਮਣੀ ਕਮੇਟੀ ਨੂੰ ਬਾਦਲਾਂ ਅਤੇ ਉਸ ਦੀ ਜੁੰਡਲੀ ਦੇ ਨਾਪਾਕ ਹੱਥਾਂ ਦੇ ਚੁੰਗਲ ਤੋਂ ਆਜ਼ਾਦ ਕਰਵਾਉਣ ਲਈ ਸਰਗਰਮ ਭੂਮਿਕਾ ਨਿਭਾਉਣ ਲਈ ਦੀ ਅਪੀਲ ਵੀ ਕੀਤੀ।ਇਸ ਮੌਕੇ ਜਗਸੀਰ ਸਿੰਘ, ਕੁਲਦੀਪ ਸਿੰਘ ਕੀਪਾ, ਬੀਰਇੰਦਰਜੀਤ ਸਿੰਘ, ਕਸ਼ਮੀਰ ਸਿੰਘ ਗਲੋਟੀ, ਨਿਰਮਲ ਸਿੰਘ ਭਿੰਡਰ, ਡਾ. ਰਣਜੀਤ ਸਿੰਘ ਲੈਬਵਾਲੇ, ਕਰਤਾਰ ਸਿੰਘ ਭਲਵਾਨ, ਬਾਬਾ ਮੁਖਤਿਆਰ ਸਿੰਘ ਸਦਰਕੋਟ, ਰਮੇਸ਼ ਕੁਮਾਰ, ਹਰਭਿੰਦਰ ਸਿੰਘ ਨੰਬਰਦਾਰ, ਇੰਦਰਜੀਤ ਸਿੰਘ ਨੰਬਰਦਾਰ, ਹਰਜਿੰਦਰ ਸਿੰਘ, ਜਸਬੀਰ ਸਿੰਘ ਮਸੀਤਾਂ, ਵਰਿੰਦਰ ਸਿੰਘ ਕੰਡਾ, ਬਲਵੰਤ ਸਿੰਘ, ਸਤਿੰਦਰ ਸਿੰਘ ਲੋਹਗੜ੍ਹ, ਕੁਲਦੀਪ ਸਿੰਘ ਮਹਿਲ, ਬਾਬਾ ਬੋਹੜ ਸਿੰਘ, ਚਾਨਣ ਸਿੰਘ ਤਲਵੰਡੀ, ਜਗਦੇਵ ਸਿੰਘ, ਲਖਵੀਰ ਸਿੰਘ, ਬਲਵਿੰਦਰ ਸਿੰਘ, ਲਾਲਜੀਤ ਸਿੰਘ ਭੁੱਲਰ, ਰਾਮ ਸਿੰਘ ਜਾਣੀਆ, ਕਾਲਾ ਬਹਿਰਮਕੇ, ਹਰਜਿੰਦਰ ਸਿੰਘ ਫੌਜੀ ਐਗਜ਼ੈਕਟਿਵ ਕਮੇਟੀ ਮੈਂਬਰ ਪੰਜਾਬ ਦਲ ਖਾਲਸਾ, ਸਮਾਰ ਸਿੰਘ ਨਿਹਾਲਗੜ੍ਹ, ਨਿਸ਼ਾਨ ਸਿੰਘ ਰਾਮਗੜ੍ਹ, ਚਰਨਜੀਤ ਸਿੰਘ ਰੰਡਿਆਲਾ, ਗੁਰਨਾਮ ਸਿੰਘ, ਹਰਬੰਸ ਸਿੰਘ ਭੁੱਲਰ, ਕਸ਼ਮੀਰ ਸਿੰਘ, ਸੁਖਵਿੰਦਰ ਸਿੰਘ ਲੋਗੀਵਿੰਡ, ਹਰਜਿੰਦਰ ਸਿੰਘ ਬਹਿਰਾਮਕੇ ਆਦਿ ਹਾਜ਼ਰ ਸਨ।

ਸਕੂਲ ਉਡੀਕਦੇ ਪ੍ਰਿੰਸੀਪਲਾਂ ਨੂੰ, ਹੈੱਡਮਾਸਟਰ ਉਡੀਕਦੇ ਤਰੱਕੀ ਨੂੰ

ਪਟਿਆਲਾ (ਰਜਿਦਰ ਸਿੰਘ ਬਿੰਦ)-ਸਿੱਖਿਆ ਵਿਭਾਗ ਪੰਜਾਬ ਦੇ ਸਰਕਾਰੀ ਹਾਈ ਸਕੂਲਾਂ ਵਿੱਚ ਕੰਮ ਕਰਦੇ ਹੈੱਡਮਾਸਟਰ ਕੇਡਰ (ਪੀ.ਈ.ਐੱਸ.-99) ਨੇ ਪੂਰਨ ਸਮਰਪਣ ਨਾਲ਼ ਸੇਵਾ ਨਿਭਾਉਂਦੇ ਹੋਏ ਹਾਈ ਸਕੂਲਾਂ ਦੀ ਨੁਹਾਰ ਬਦਲ ਦਿੱਤੀ ਹੈ, ਜਿਸ ਨਾਲ਼ ਪੰਜਾਬ ਦੀ ਸਕੂਲੀ ਸਿੱਖਿਆ ਦੇ ਗੁਣਾਤਮਕ ਮਿਆਰ ਵਿੱਚ ਚੰਗਾ ਸੁਧਾਰ ਹੋਇਆ ਹੈ, ਪ੍ਰੰਤੂ ਹੈੱਡਮਾਸਟਰ ਕੇਡਰ ਦੀ ਪ੍ਰਿੰਸੀਪਲ ਵਜੋਂ ਤਰੱਕੀ ਦੀ ਉਡੀਕ ਲੰਮੀ ਹੁੰਦੀ ਜਾ ਰਹੀ ਹੈ, ਜਿਸ ਕਰਕੇ ਸਮੁੱਚਾ ਹੈੱਡਮਾਸਟਰ ਕੇਡਰ ਨਿਰਾਸ਼ਾ ਦੇ ਆਲਮ ਵਿੱਚ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਹੈੱਡਮਾਸਟਰਜ਼ ਐਸੋਸੀਏਸ਼ਨ ਪੰਜਾਬ ਦੀ ਪਟਿਆਲ਼ਾ ਇਕਾਈ ਦੇ ਜ਼ਿਲ੍ਹਾ ਪ੍ਰਧਾਨ ਭੁਪਿੰਦਰ ਸਿੰਘ ਵੱਲੋਂ ਸਮੁੱਚੀ ਜ਼ਿਲ੍ਹਾ ਕਮੇਟੀ ਨਾਲ਼ ਪਟਿਆਲਾ ਵਿਖੇ ਕੀਤੀ ਮੀਟਿੰਗ ਦੌਰਾਨ ਕੀਤਾ।ਉਨ੍ਹਾਂ ਕਿਹਾ ਕਿ ਪੰਜਾਬ ਦੇ 1927 ਸੈਕੰਡਰੀ ਸਕੂਲਾਂ ਵਿੱਚੋਂ 856 ਸਕੂਲਾਂ ਵਿੱਚ ਪ੍ਰਿੰਸੀਪਲ ਦੀ ਅਸਾਮੀ ਖਾਲੀ ਹੈ, ਭਾਵ ਕਿ ਇਹ 45 ਫੀਸਦੀ ਸੈਕੰਡਰੀ ਸਕੂਲ ਪ੍ਰਿੰਸੀਪਲ ਤੋਂ ਬਿਨਾਂ ਚੱਲ ਰਹੇ ਹਨ, ਜਿਸ ਕਾਰਨ ਇਨ੍ਹਾਂ 856 ਸੈਕੰਡਰੀ ਸਕੂਲਾਂ ਵਿੱਚ ਪੜ੍ਹ ਰਹੇ ਲੱਖਾਂ ਵਿਦਿਆਰਥੀਆਂ ਦਾ ਵਿੱਦਿਅਕ ਪੱਧਰ ਨਿਘਾਰ ਵੱਲ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਹੈੱਡਮਾਸਟਰ ਕੇਡਰ ਨਿਯਮਾਂ ਮੁਤਾਬਿਕ ਬਣਦਾ 4 ਸਾਲ ਦਾ ਸਮਾਂ ਪੂਰਾ ਕਰ ਕੇ ਆਪਣੀ ਤਰੱਕੀ ਦੀ ਉਡੀਕ ਕਰ ਰਿਹਾ ਹੈ, ਪਰ ਵਿਭਾਗ ਵੱਲੋਂ ਇਸ ਕੇਡਰ ਦੀ ਤਰੱਕੀ ਨੂੰ ਅਣਗੌਲਿਆ ਕਰਦੇ ਹੋਏ ਕੋਈ ਵੀ ਗੰਭੀਰਤਾ ਨਹੀਂ ਵਿਖਾਈ ਜਾ ਰਹੀ।ਇਸ ਮੌਕੇ ਸਟੇਟ ਕਮੇਟੀ ਮੈਂਬਰ ਹੈੱਡਮਾਸਟਰ ਭੂਸ਼ਣ ਕੁਮਾਰ ਤੇ ਸ਼ੈਲੀ ਸ਼ਰਮਾ ਨੇ ਦੱਸਿਆ ਕਿ ਲੰਮੇ ਸਮੇਂ ਤੋਂ ਉਨ੍ਹਾਂ ਦੀ ਤਰੱਕੀ ਦਾ ਬੈਕਲੋਗ ਵੀ ਵੱਡੀ ਗਿਣਤੀ ਵਿੱਚ ਪੈਂਡਿੰਗ ਹੈ ਤੇ ਨਿਯਮਾਂ ਮੁਤਾਬਿਕ 4 ਸਾਲ ਤੋਂ ਬਾਅਦ ਹੈੱਡਮਾਸਟਰ ਨੂੰ ਬਤੌਰ ਪ੍ਰਿੰਸੀਪਲ ਤਰੱਕੀ ਦੇਣੀ ਬਣਦੀ ਹੈ।ਜ਼ਿਲ੍ਹਾ ਸਕੱਤਰ ਰਾਜੀਵ ਕੁਮਾਰ ਨੇ ਕਿਹਾ ਕਿ ਅੱਜ ਦੀ ਐਸੋਸੀਏਸ਼ਨ ਵੱਲੋਂ ਕੀਤੀ ਗਈ ਮੀਟਿੰਗ ਦੌਰਾਨ ਸਮੂਹ ਮੈਂਬਰਾਂ ਨੇ ਵਿਭਾਗ ਤੋਂ ਪੁਰਜ਼ੋਰ ਮੰਗ ਕੀਤੀ ਗਈ ਕਿ ਜਲਦ ਤੋਂ ਜਲਦ ਵਿਭਾਗ ਵੱਲੋਂ ਹੈੱਡਮਾਸਟਰ ਕੇਡਰ ਤੋਂ ਪ੍ਰਿੰਸੀਪਲ ਕੇਡਰ ਦੀਆਂ ਤਰੱਕੀਆਂ ਕੀਤੀਆਂ ਜਾਣ ਤਾਂ ਜੋ ਮੁੱਖ ਮੰਤਰੀ ਦਾ ਰੰਗਲੇ ਪੰਜਾਬ ਦਾ ਸੁਪਨਾ ਸਾਕਾਰ ਹੋ ਸਕੇ ਤੇ ਵਿਧਾਨ ਸਭਾ ਚੋਣਾਂ ਦੌਰਾਨ ਕੀਤੇ ਵਾਅਦੇ ਪੂਰੇ ਕਰਕੇ ਸਿੱਖਿਆ ਦਾ ਮਿਆਰ ਉੱਚਾ ਕੀਤਾ ਜਾ ਸਕੇ।ਜ਼ਿਲ੍ਹਾ ਪ੍ਰੈੱਸ ਸਕੱਤਰ ਗੁਰਪ੍ਰੀਤ ਸਿੰਘ ਨੇ ਕਿਹਾ ਕਿ ਹੈੱਡਮਾਸਟਰ ਕੇਡਰ ਪ੍ਰਿੰਸੀਪਲ ਦੀ ਪੋਸਟ ਲਈ ਵਧੇਰੇ ਤਜਰਬੇਕਾਰ, ਕੁਸ਼ਲ ਤੇ ਯੋਗ ਹੈ, ਇਸ ਲਈ ਹੈੱਡਮਾਸਟਰ ਕਾਡਰ ਦੀ ਪ੍ਰਿੰਸੀਪਲ ਕੇਡਰ ਵਜੋਂ ਤਰੱਕੀ ਕਰਕੇ ਸੈਕੰਡਰੀ ਸਕੂਲਾਂ ਦੀ ਵਾਗਡੋਰ ਦਿੱਤੀ ਜਾਵੇ।ਜ਼ਿਲ੍ਹਾ ਮੀਤ ਪ੍ਰਧਾਨ ਨਵਨੀਤ ਸਿੰਘ ਨੇ ਕਿਹਾ ਕਿ ਹੈੱਡਮਾਸਟਰ ਕੇਡਰ ਦੀਆਂ ਵੀ 1723 ਵਿੱਚੋਂ 810 ਪੋਸਟਾਂ ਖਾਲੀ ਹਨ।ਇਸ ਲਈ ਮਾਸਟਰ ਕੇਡਰ ਨੂੰ ਹੈੱਡਮਾਸਟਰ ਕੇਡਰ ਵਜੋਂ ਅਤੇ ਹੈੱਡਮਾਸਟਰ ਕੇਡਰ ਨੂੰ ਪ੍ਰਿੰਸੀਪਲ ਕੇਡਰ ਵਜੋਂ ਤਰੱਕੀ ਦੇ ਕੇ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਦੇ ਵਿਕਾਸ ਵਿੱਚ ਕ੍ਰਾਂਤੀ ਲਿਆਂਦੀ ਜਾਵੇ।ਇਸ ਮੌਕੇ ਹੈੱਡਮਾਸਟਰ ਐਸੋਸੀਏਸ਼ਨ ਪੰਜਾਬ ਦੀ ਇਕਾਈ ਪਟਿਆਲਾ ਦੇ ਅਹੁਦੇਦਾਰ ਮੈਂਬਰਾਂ ਵਿੱਚੋਂ ਹੈੱਡਮਾਸਟਰ ਵਿਕਾਸ ਕੁਮਾਰ, ਬੀਰਇੰਦਰ ਸਿੰਘ, ਦਲਬਾਰਾ ਸਿੰਘ, ਹਰਪ੍ਰੀਤ ਸਿੰਘ, ਸਨੀ ਗੁਪਤਾ, ਆਸ਼ਾ ਰਾਣੀ, ਰਮਨਦੀਪ ਕੌਰ, ਜੈਕੀ ਬਾਂਸਲ, ਅਮਿਤ ਕੁਮਾਰ, ਰਜਿੰਦਰ ਸਿੰਘ, ਪਰਮਿੰਦਰ ਕੌਰ, ਮਨਦੀਪ ਕੌਰ, ਬੇਅੰਤ ਸਿੰਘ, ਜੀਵਨ ਕੁਮਾਰ ਆਦਿ ਹਾਜ਼ਰ ਸਨ।

ਜਿਉਂਦ 'ਜ਼ਮੀਨੀ ਸੰਗਰਾਮ ਕਾਨਫਰੰਸ' 'ਚ ਡਕੌਂਦਾ ਦਾ ਕਾਫ਼ਲਾ ਸ਼ਾਮਲ

■ ਸਰਕਾਰ ਆਬਾਦਕਾਰ ਕਿਸਾਨਾਂ ਨਾਲ ਧੱਕਾ ਬੰਦ ਕਰੇ : ਮਨਜੀਤ ਧਨੇਰ

ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)-ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਸੂਬਾ ਪ੍ਰਧਾਨ ਮਨਜੀਤ ਸਿੰਘ ਧਨੇਰ ਤੇ ਸੂਬਾ ਸੀਨੀਅਰ ਮੀਤ ਪ੍ਰਧਾਨ ਗੁਰਦੀਪ ਸਿੰਘ ਰਾਮਪੁਰਾ ਦੀ ਅਗਵਾਈ ਵਿੱਚ ਸੈਂਕੜੇ ਕਿਸਾਨਾਂ ਦਾ ਕਾਫ਼ਲਾ ਜਿਉਂਦ 'ਜ਼ਮੀਨੀ ਸੰਗਰਾਮ ਕਾਨਫਰੰਸ' ਵਿੱਚ ਸ਼ਾਮਲ ਹੋਇਆ। ਇਸ ਮੌਕੇ ਦੋਵੇਂ ਆਗੂਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ 100 ਸਾਲ ਤੋਂ ਵੀ ਪਹਿਲਾਂ ਤੋਂ ਜਿਸ ਜ਼ਮੀਨ 'ਤੇ ਜਿਉਂਦ ਪਿੰਡ ਦੇ ਅਬਾਦਕਾਰ ਕਿਸਾਨ ਖੇਤੀ ਕਰਦੇ ਆ ਰਹੇ ਹਨ, ਉਨ੍ਹਾਂ ਦੀ ਮਲਕੀਅਤ ਕਾਗਜ਼ਾਂ ਵਿੱਚ ਹਾਲੇ ਤੱਕ ਜਗੀਰਦਾਰਾਂ ਦੇ ਨਾਮ ਹੈ। ਸੌ ਸਾਲ ਤੋਂ ਵੀ ਵੱਧ ਸਮੇਂ ਤੋਂ ਜ਼ਮੀਨ ਉੱਤੇ ਕਾਸ਼ਤ ਕਰਦੇ ਆ ਰਹੇ ਆਬਾਦਕਾਰ ਮੁਜ਼ਾਰੇ ਹੀ ਕਾਬਜ਼ ਹਨ। ਸਰਕਾਰ ਵੱਲੋਂ ਇਨ੍ਹਾਂ ਜ਼ਮੀਨਾਂ ਦੀ ਮਲਕੀਅਤ ਕਿਸਾਨਾਂ ਦੇ ਨਾਮ ਕਰਨ ਲਈ ਸਮੇਂ ਸਮੇਂ 'ਤੇ

14 - February - Page - 6.qxd 2/13/2025 11:29 PM Page 1

ਪ੍ਰਿੰਸੀਪਲ ਨੇ ਅਵਾਰਾ ਫੱਟੜ ਕੁੱਤੇ ਦੀ ਬਚਾਈ ਜਾਨ

ਤਰਸਿੱਕਾ (ਤਰਸੇਮ ਸਿੰਘ ਸਾਧਪੁਰ)- ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਹਿਤਾ ਨੰਗਲ ਦੇ ਪ੍ਰਿੰਸੀਪਲ ਨਰਿੰਦਰ ਸਿੰਘ ਰਾਏ ਨੇ ਗਲੀਆਂ ਵਿੱਚ ਘੁੰਮਣ ਵਾਲੇ ਜ਼ਖ਼ਮੀ ਕੁੱਤੇ, ਜਿਸ ਦੀ ਪਿਛਲੀ ਸੱਜੀ ਲੱਤ ਟੁੱਟੀ ਹੀ ਨਹੀਂ, ਸਗੋਂ ਉਸ ਵਿੱਚ ਕੀੜੇ ਵੀ ਪੈ ਚੁੱਕੇ ਸਨ ਅਤੇ ਉਹ ਮਰਨ ਦੀ ਹਾਲਤ ਤੱਕ ਪਹੁੰਚ ਗਿਆ ਸੀ, ਨੂੰ ਦੇਖਣ ਉਪਰੰਤ ਐਨੀਮਲ ਵੈੱਲਫੇਅਰ ਸੁਸਾਇਟੀ ਪਾਜ਼ੇਟਿਵ ਸੈਂਚਰੀ ਸ਼ੁਕਰਚੱਕ ਦੇ ਫਾਊਂਡਰ ਮੈਡਮ ਅਮਿਤਾ ਸੇਠ ਨਾਲ ਸੰਪਰਕ ਕੀਤਾ। ਉਨ੍ਹਾ ਵੱਲੋਂ ਭੇਜੀ ਵੈਨ ਵਾਲੀ ਟੀਮ ਨੇ ਜਾਲ, ਵੱਡੇ ਪਿੰਜਰੇ ਆਦਿ ਨਾਲ ਜ਼ਖਮੀ ਕੁੱਤੇ ਨੂੰ ਐੱਨ ਜੀ ਓ ਦੇ ਦਫਤਰ ਲਿਆਂਦਾ ਗਿਆ ਅਤੇ ਰੈਸਕਿਊ ਮੈਨੇਜਰ ਆਸ਼ਿਮਾਂ ਨੇ ਟ੍ਰੀਟਮੈਂਟ ਚਾਲੂ ਕਰ ਦਿੱਤਾ। ਉਪਰੋਕਤ ਸੰਸਥਾ ਦੇ ਅਣਥੱਕ ਯਤਨਾਂ ਸਦਕਾ ਜਾਨਵਰ ਦੀ ਜਾਨ ਬਚਾ ਲਈ ਗਈ। ਪ੍ਰਿੰਸੀਪਲ ਤੇ ਸਮਾਜ ਸੇਵਕ ਨਰਿੰਦਰ ਸਿੰਘ ਰਾਏ ਨੇ ਮੈਡਮ ਅਮਿਤਾ ਸੇਠ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਸੰਸਥਾ ਦੀ ਤਾਰੀਫ਼ ਕਰਦਿਆਂ ਦੱਸਿਆ ਕਿ ਸੰਸਥਾ ਵਿੱਚ ਜਾਨਵਰਾਂ ਲਈ ਵੱਡੀ ਅਤੇ ਖੁੱਲ੍ਹੀ ਜਗ੍ਹਾ ਵਿੱਚ ਘਰ ਬਣਾ ਕੇ ਰੱਖਣ, ਉਨ੍ਹਾਂ ਦੇ ਖਾਣ-ਪੀਣ ਦੇ ਪ੍ਰਬੰਧ ਦੇ ਨਾਲ-ਨਾਲ ਮੈਡੀਕਲ ਟ੍ਰੀਟਮੈਂਟ ਦਾ ਵ੍ਹੀ ਪ੍ਰਬੰਧ ਕੀਤਾ ਗਿਆ ਹੈ।

60 ਫੀਸਦੀ ਸੈਂਡਵਿਚ ਪੀੜ੍ਹੀ ਭਵਿੱਖ ਦੀ ਵਿੱਤੀ ਸੁਰੱਖਿਆ ਨੂੰ ਲੈ ਕੇ ਚਿੰਤਤ : ਐਡਲਵਾਈਸ ਲਾਈਫ ਅਧਿਐਨ

ਅੰਮ੍ਰਿਤਸਰ : ਭਾਰਤ ਦੀ ਸੈਂਡਵਿਚ ਪੀੜ੍ਹੀ, ਜੋ ਆਪਣੇ ਮਾਪਿਆਂ ਅਤੇ ਬੱਚਿਆਂ ਨੂੰ ਸਭ ਤੋਂ ਵਧੀਆ ਦੇਣ 'ਤੇ ਕੇਂਦ੍ਰਿਤ ਹੈ, ਆਪਣੇ ਭਵਿੱਖ ਲਈ ਤਿਆਰ ਨਹੀਂ ਹੈ। ਐਡਲਵਾਈਸ ਲਾਈਫ ਇੰਸ਼ੋਰੈਂਸ ਦੇ ਇੱਕ ਅਧਿਐਨ ਅਨੁਸਾਰ, 60 ਫੀਸਦੀ ਉੱਤਰਦਾਤਾ ਸਹਿਮਤ ਹਨ ਕਿ 'ਭਾਵੇਂ ਮੈਂ ਕਿੰਨਾ ਵੀ ਬੱਚਤ ਕਰਾਂ ਜਾਂ ਨਿਵੇਸ਼ ਕਰਾਂ, ਮੈਨੂੰ ਲੱਗਦਾ ਹੈ ਕਿ ਭਵਿੱਖ ਲਈ ਇਹ ਕਦੇ ਵੀ ਕਾਫ਼ੀ ਨਹੀਂ ਹੈ।' ਐਡਲਵਾਈਸ ਲਾਈਫ ਇੰਸ਼ੋਰੈਂਸ ਨੇ ਯੂਗੋਵ ਦੇ ਸਹਿਯੋਗ ਨਾਲ 12 ਸ਼ਹਿਰਾਂ ਵਿੱਚ 4,005 ਉੱਤਰਦਾਤਾਵਾਂ ਦਾ ਸਰਵੇਖਣ ਕੀਤਾ, ਜਿਸ ਵਿੱਚ ਸੈਂਡਵਿਚ ਜਨਰੇਸ਼ਨ ਨੂੰ 35-54 ਸਾਲ ਦੀ ਉਮਰ ਦੇ ਵਿਅਕਤੀਆਂ ਨੂੰ ਸ਼ਾਮਲ ਕੀਤਾ ਗਿਆ ਹੈ ਜੋ ਆਪਣੇ ਵੱਡੇ ਹੋ ਰਹੇ ਮਾਪਿਆਂ ਅਤੇ ਵਧ ਰਹੇ ਬੱਚਿਆਂ ਦੀ ਵਿੱਤੀ ਸਹਾਇਤਾ ਕਰ ਰਹੇ ਹਨ। ਇਸ ਅਧਿਐਨ ਦਾ ਉਦੇਸ਼ ਉਨ੍ਹਾਂ ਦੇ ਰੁਝਾਨਾਂ, ਵਿਸ਼ਵਾਸਾਂ ਅਤੇ ਵਿੱਤੀ ਤਿਆਰੀ ਦੇ ਪੱਧਰ ਨੂੰ ਸਮਝਣਾ ਸੀ। ਐਡਲਵਾਈਸ ਲਾਈਫ ਇੰਸ਼ੋਰੈਂਸ ਦੇ ਮੈਨੇਜਿੰਗ ਡਾਇਰੈਕਟਰ ਅਤੇ ਸੀ ਈ ਓ ਸੁਮਿਤ ਰਾਏ ਨੇ ਕਿਹਾ ਕਿ ਸਾਲਾਂ ਤੋਂ ਗਾਹਕਾਂ ਨਾਲ ਹੋ ਰਹੀਆਂ ਗੱਲਬਾਤਾਂ ਰਾਹੀਂ ਅਸੀਂ ਨੇੜੇ ਤੋਂ ਦੇਖਿਆ ਹੈ ਕਿ ਸੈਂਡਵਿਚ ਪੀੜ੍ਹੀ ਆਪਣੇ ਮਾਪਿਆਂ ਅਤੇ ਬੱਚਿਆਂ ਦੀ ਦੇਖਭਾਲ ਦੇ ਚੱਕਰ ਵਿੱਚ ਜੀ ਰਹੀ ਹੈ।

ਨਗਰ ਕੌਂਸਲ ਪ੍ਰਧਾਨ ਮੋਹਿਤ ਕੁੰਦਰਾ ਨੂੰ ਸਨਮਾਨਤ ਕੀਤਾ

ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ) - ਅੱਜ ਨੇੜਲੇ ਪਿੰਡ ਲੁਬਾਣਗੜ੍ਹ ਵਿਖੇ ਨਗਰ ਕੌਂਸਲ ਮਾਛੀਵਾੜਾ ਦੇ ਪ੍ਰਧਾਨ ਮੋਹਿਤ ਕੁੰਦਰਾ ਦਾ ਸਨਮਾਨ ਕੀਤਾ ਗਿਆ। ਕਿਸਾਨ ਆਗੂ ਮਨਰਾਜ ਸਿੰਘ ਲੁਬਾਣਗੜ੍ਹ ਵੱਲੋਂ ਪ੍ਰਧਾਨ ਮੋਹਿਤ ਕੁੰਦਰਾ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਚਿੱਤਰ ਅਤੇ ਸਿਰੋਪਾਓ ਪਾ ਕੇ ਸਨਮਾਨਿਤ ਕੀਤਾ ਗਿਆ। ਉਨ੍ਹਾਂ ਕਿਹਾ ਕਿ ਨੌਜਵਾਨ ਆਗੂ ਮੋਹਿਤ ਕੁੰਦਰਾ ਦੇ ਪ੍ਰਧਾਨ ਬਣਨ ਨਾਲ ਮਾਛੀਵਾੜਾ ਸਾਹਿਬ ਦੇ ਵਿਕਾਸ ਵਿਚ ਤੇਜ਼ੀ ਆਵੇਗੀ ਅਤੇ ਲੋਕਾਂ ਨੂੰ ਨਗਰ ਕੌਂਸਲ 'ਚ ਕੰਮ ਕਰਵਾਉਣ ਲਈ ਕਿਸੇ ਵੀ ਪ੍ਰੇਸ਼ਾਨੀ ਦਾ ਸਾਹਮਣਾ ਨਹੀਂ ਕਰਨਾ ਪਵੇਗਾ। ਇਸ ਮੌਕੇ ਕੌਂਸਲਰ ਅਮਨਦੀਪ ਸਿੰਘ ਤਨੇਜਾ, ਗੁਰਦੀਪ ਸਿੰਘ ਲੁਬਾਣਗੜ੍ਹ, ਬਹਾਦਰ ਸਿੰਘ ਜੋਧਵਾਲ, ਬਖਸੀਸ ਸਿੰਘ, ਜਸਵਿੰਦਰ ਸਿੰਘ, ਤਲਵਿੰਦਰ ਸਿੰਘ, ਗੁਰਚਰਨ ਸਿੰਘ, ਬਹਾਦਰ ਸਿੰਘ, ਅਵਤਾਰ ਸਿੰਘ ਤੇ ਜਰਨੈਲ ਸਿੰਘ ਵੀ ਮੌਜੂਦ ਸਨ।

ਜਗਰਾਉਂ 'ਚ ਆਈਲੈਟਸ ਸੈਂਟਰਾਂ ਦੀ, ਐੱਸ ਡੀ ਐੱਮ ਨੇ ਕੀਤੀ ਚੈਕਿੰਗ

ਜਗਰਾਉ (ਅਮਿਤ ਖੰਨਾ) ਡਿਪਟੀ ਕਮਿਸ਼ਨਰ ਲੁਧਿਆਣਾ ਦੀ ਦੇਖ ਰੇਖ ਵਿੱਚ ਵੱਖ-ਵੱਖ ਕਮੇਟੀਆਂ ਬਣਾ ਕੇ ਜਗਰਾਉਂ ਦੇ ਆਈਲੈਟ ਸੈਂਟਰਾਂ ਦੀ ਚੈਕਿੰਗ ਕੀਤੀ ਗਈ ਜਗਰਾਉਂ ਦੇ ਐਸਡੀਐਮ ਕਰਨਦੀਪ ਸਿੰਘ ਨੇ ਕਿਹਾ ਕਿ ਜਗਰਾਉਂ ਵਿਖੇ ਵੱਖ-ਵੱਖ 2 ਕਮੇਟੀਆਂ ਬਣਾ ਕੇ ਆਈਲੈਟ ਸੈਂਟਰ ਦੀ ਚੈਕਿੰਗ ਕੀਤੀ ਗਈ ਜਿਸ ਵਿੱਚ ਐਸਡੀਐਮ ਕਰਨਦੀਪ ਸਿੰਘ ਨੈਬ ਤਹਿਸੀਲਦਾਰ ਸੁਰਿੰਦਰ ਕੁਮਾਰ ਪੱਬੀ ਡੀਐਸਪੀ ਜੱਸਜੋਤ ਸਿੰਘ ਅਤੇ ਲੇਬਰ ਇੰਸਪੈਕਟਰ ਵੱਲੋਂ ਜਗਰਾਉਂ ਵਿਖੇ ਤਹਿਸੀਲ ਰੋਡ ਰਾਏਕੋਟ ਰੋਡ ਝਾਂਸੀ ਰਾਣੀ ਚੌਕ ਸਮੇਤ ਜਗਰਾਉਂ ਦੇ 21 ਆਈਲੈਟ ਸੈਂਟਰ ਚੌਕ ਕੀਤੇ ਗਏ. ਜਿਨਾਂ ਦੇ ਵਿੱਚ ਕਈ ਆਈਲੈਟ ਸੈਂਟਰਾਂ ਦੇ ਕੋਲੋਂ ਲਾਇਸੈਂਸ ਹਨ ਅਤੇ ਕਈਆਂ ਨੇ ਰੀਨਿਊ ਕਰਵਾਉਣੇ ਡੀਸੀ ਦਫਤਰ ਦਿੱਤੇ ਹੋਏ ਗਏ ਹਨ ਜਿਨਾਂ ਦੀ ਰਸੀਦ ਆਈਲੈਟ ਸੈਂਟਰਾਂ ਵਲੋਂ ਦਿਖਾਈ ਗਈ ਪ੍ਰਸ਼ਾਸਨ ਦੀ ਇਸ ਕਾਰਵਾਈ ਨਾਲ ਸ਼ਹਿਰ ਦੇ ਸੈਂਟਰਾਂ ਚ ਭਾਜੜਾਂ ਪੈ ਗਈਆਂ ਐਸਡੀਐਮ ਕਰਨਦੀਪ ਸਿੰਘ ਨੇ ਕਿਹਾ ਕਿ ਇਹਨਾਂ ਆਈਲੈਟਸ ਸੈਂਟਰਾਂ ਦੀ ਰਿਪੋਰਟ ਡਿਪਟੀ ਕਮਿਸ਼ਨਰ ਨੂੰ ਭੇਜੀ ਜਾਏਗੀ।

PUBLIC NOTICE

I Vijay Kumar Son Of Jagdish Chand Bhatia Resident of H. No. 21908, Gali No. 6, Near Gurukul School, Lakshmi Vihar, 88 Feet Road, Amritsar declare that previous Sale Deed Dated 17.09.2013 Vide Doc. No. 7187 registered on 17.09.2013 of Property i.e. Plot No. 25 Min, Area Measuring 70 Sq. Yards, Bearing Khasra No. 1941/351, 1942/351, 1943/351, 1944/346-354, 1940/351, 1945/351-353 min situated at Abadi Mustafabad, Tung Pai Sub Urban, Amritsar executed by Sandeep Kumar son of Late Sh. Vijay Sharma & Poonam Sharma Wife of Sh. Sandeep Sharma in favour of Neetu Arora wife of Sh. Mukesh Arora ii) Original sale deed dated 15.05.2012 vide doc. no. 2454 of aforesaid property executed by Charanjit Singh son of Sh. Kashmir Singh, Jagdeep Sharma son of Krishan Lal in favour of Sandeep Kumar son of Late Sh. Vijay Sharma & Poonam Sharma Wife of Sh. Sandeep Kumar, iii) Original Sale Deed Dated 10.08.2011 as doc. No. 7095 for the aforesaid plot executed by Rashpal Singh, Rajwant Singh sons of Sunder Singh through GPA Davinder Kumar son of Sh. Rajinder Nath through SPA Sukhdev Singh son of Kishan Singh in favour of Charanjit Singh son of Kashmir Singh, Jagdeep Sharma son of Krishan Lal, iv) Original special power of attorney dated 07.4.2011 vide doc. no. 216 registered on 07.04.2011 of aforesaid plot executed by Rashpal Singh, Rajwant Singh sons of Sunder Singh through GPA Davinder Kumar son of Sh. Rajinder Nath in favour of Sukhdev Singh son of Kishan Singh has been lost on 04.02.2025 and report in this regard has been lodged vide General Diary No. 034 dated 06.02.2025 in police station Sadar, Amritsar.

PUBLIC NOTICE

Under the instruction of Axis bank Limited, I hereby informed the general public that Kawal Lal s/o Arjan Dass is owner for Property measuring length 30 feet width 20 feet, Total measuring 66.66 Square Yards, bounded as East: Harbhajan Singh West: Gian Chand, North: Kalu Ram, South: Road, Inside Abadi Red Line Village Sultanwind Patti Behniwal, Tehsil & District Amritsar. That Kashi Ram is the owner of above said property vide sale deed regd. dt 19.4.44 as doc no 526. Then after the death of Kashi Ram his property was inherited by Arjan Dass s/o Kashi Ram on behalf of Will vide Will executed dated 30.08.1976. Then Arjan Dass s/o Kashi Ram transferred his 66.66 sq yards of property to Kawal Lal s/o Arjan Dass vide transfer deed regd. dated 07.09.2016 as doc no.5210. Now Kawal Lal s/o Arjan Dass is Guarantor and Firm Arora Electronics is taking loan from Axis Bank East Mohan Nagar Branch Amritsar. Will Executed by Kashi Ram s/o Moola Ram in favour of Arjan Dass s/o Kashi Ram executed dt 30.8.1976 is unregistered will and the same has not been Challenged in any court of law. Anybody having claim or claiming any prior rights or interest in any manner in this property or has raised loan by depositing the aforesaid Sale Deed to any person bank/corporation/ financial institution may approach the undersigned and may submit objections in writing within 10 days from the date of this public notice. After the expiry of the period of this notice, no claim shall be entertained and such claim shall be deemed to be false, fake, frivolous, fraudulent and baseless claim and shall have no value in the eyes of law. It shall also be deemed that nobody has any objection for mortgaging the aforesaid property with Axis bank Limited.

Vikas Verma (Advocate) House No 264 Basant Avenue, Near I.M. A House, Amritsar Ph: 9815156302

COURT NOTICE

(U/o 5 Rule 20 CPC)
In The Court of
Ms. Gurpreet Kaur-II
Civil Judge, Junior Division-2, Zira
CNR No. PBFZAO-000741-2024
Next Date : 25.02.2025
Anmolpreet Singh
Vs
Charanjit Singh
Publication Issued To:
Charanjit Singh
Father : Ram Singh
Village Talwandi Mange Khan, Teh. Zira, Distt. Ferozepur

In above titled case, the defendant(s)/ respondent(s) could not be served. It is ordered that defendant(s)/ respondant(s) should appear in person or through counsel on 25.02.2025 at 10:00 A.M.

For details logon to https://highcourtchd.gov.in/?mod=district_notice&district=mogacourt.

Civil Judge, Junior Division-2, Zira
Dated this day of 13-02-2025

COURT NOTICE

(U/o 5 Rule 20 CPC)
In The Court of
Ms. Gurpreet Kaur-II
Civil Judge, Junior Division-2, Zira
CNR No. PBFZAO-000304-2024
Next Date : 18.02.2025
Canara Bank
Vs
Sher Singh etc
Publication Issued To:
3. Daler Singh
Father : Gobind Singh
Village Kamal Wala, Teh. Zira, Distt. FZR

In above titled case, the defendant(s)/ respondent(s) could not be served. It is ordered that defendant(s)/ respondant(s) should appear in person or through counsel on 18.02.2025 at 10:00 A.M.

For details logon to https://highcourtchd.gov.in/?mod=district_notice&district=mogacourt.

Civil Judge, Junior Division-2, Zira
Dated this day of 13-02-2025

COURT NOTICE

(U/o 5 Rule 20 CPC)
In The Court of
Sh. Deepal Singh
Civil Judge, Junior Division-1, Zira
CNR No. PBFZAO-000567-2020
Next Date : 07.04.2025
Central Bank of India
Vs
Surinder Pal Singh
Publication Issued To:
Surinder Pal Singh
Father : Ajit Singh Balwant Singh
Village Behak Waliat Shah, Tehsil Zira, District FZR

In above titled case, the defendant(s)/ respondent(s) could not be served. It is ordered that defendant(s)/ respondant(s) should appear in person or through counsel on 07.04.2025 at 10:00 A.M.

For details logon to https://highcourtchd.gov.in/?mod=district_notice&district=mogacourt.

Civil Judge, Junior Division-1, Zira
Dated this day of 06-02-2025

COURT NOTICE

(U/o 5 Rule 20 CPC)
(Succession Case)
In The Court of
Sh. Ashok Kumar Chauhan
Civil Judge, (Senior Division)
Ferozepur
CNR No. PBFZ02-004585-2023
Next Date : 12.03.2025
Dharaminder Singh
Vs
General Public
Petition u/s of the Indian Succession Act
Notice To:
Respondent :- General Public

In above titled case, the defendant(s)/ respondent(s) could not be served. It is ordered that defendant(s)/ respondant(s) should appear in person or through counsel on 12.03.2025 at 10:00 A.M.

For details logon to https://highcourtchd.gov.in/?mod=district_notice&district=mogacourt.

Civil Judge, (Senior Division) Ferozepur
Dated this day of 05-02-2025

Capital Small Finance Bank Ltd.

HO:- MIDAS Corporate Park, 3rd Floor, 37, G.T. Road, Jalandhar-144001, Punjab, India

ਕਬਜ਼ਾ ਨੋਟਿਸ (ਅਚੱਲ ਜਾਇਦਾਦ ਲਈ)

ਜਿਵੇਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜ਼ੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਅਸੈੱਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ (ਐਕਟ, 2002 (54 ਆਫ 2002) ਅਧੀਨ ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਮਿਤੀ 13.08.2024 ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰ 1 ਸ੍ਰੀ ਗੁਰਨਾਮ ਸਿੰਘ ਪੁੱਤਰ ਸ੍ਰੀ ਗਿਆਨ ਸਿੰਘ ਵਾਸੀ ਮਕਾਨ ਨੰ. 1483, ਗਲੀ ਨੰ. 2, ਜਸਵਾਲ ਕਾਲੋਨੀ, ਕੈਲਾਸ਼ ਨਗਰ, ਬਸਤੀ ਜੋਧੇਵਾਲ, ਬਾਜੜਾ, ਲੁਧਿਆਣਾ, ਪੰਜਾਬ- 141007, 2 ਸ੍ਰੀਮਤੀ ਕੁਲਦੀਪ ਕੋਰ ਪਤਨੀ ਸ੍ਰੀ ਗੁਰਨਾਮ ਸਿੰਘ ਵਾਸੀ ਮਕਾਨ ਨੰ. 1256, ਬਾਲਮੀਕਿ ਨਗਰ, ਬਾਜੜਾ, ਲੁਧਿਆਣਾ, ਪੰਜਾਬ- 141007 (ਬਾਅਦ ਵਿੱਚ ਕਰਜ਼ਦਾਰਾਂ ਵਜੋਂ ਹਵਾਲਾ ਦਿੱਤਾ ਗਿਆ) ਅਤੇ ਗਰੰਟਰ 3 ਸ੍ਰੀ ਦਵਿੰਦਰ ਸਿੰਘ ਪੁੱਤਰ ਸ੍ਰੀ ਅਵਤਾਰ ਸਿੰਘ ਵਾਸੀ ਮਕਾਨ ਨੰ. 3027, ਗਲੀ ਨੰ. 6, ਨੇੜੇ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਗੁਰਦੁਆਰਾ, ਜ਼ਿਮਲਾ ਕਲੋਨੀ, ਪਿੰਡ ਕਾਕੋਵਾਲ, ਲੁਧਿਆਣਾ, ਪੰਜਾਬ- 141007, 4 ਸ੍ਰੀ ਪ੍ਰਦੀਪ ਸਿੰਘ ਪੁੱਤਰ ਸ੍ਰੀ ਗੁਰਨਾਮ ਸਿੰਘ ਵਾਸੀ ਮਕਾਨ ਨੰ. 1483, ਗਲੀ ਨੰ. 2, ਜਸਵਾਲ ਕਲੋਨੀ, ਬਸਤੀ ਜੋਧੇਵਾਲ, ਲੁਧਿਆਣਾ ਪੰਜਾਬ- 141007, (ਬਾਅਦ ਵਿੱਚ ਗਰੰਟਰਾਂ ਵਜੋਂ ਹਵਾਲਾ ਦਿੱਤਾ ਗਿਆ) ਨੂੰ ਡਿਮਾਂਡ ਨੋਟਿਸ ਵਿੱਚ ਦਰਸਾਏ ਅਨੁਸਾਰ ਅਤੇ ਅਲੈਲ/104611000009 ਵਿੱਚ ਬਕਾਇਆ ਨਿਕਲਦੀ ਰਕਮ ਰੁਪਏ 10,79,739.50 ਦੀ ਵਰਣਨ ਨੋਟਿਸ ਦੇ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਅਦਾਇਗੀ ਕਰਨ ਲਈ ਕਿਹਾ ਸੀ।

ਕਰਜ਼ਦਾਰ ਬਕਾਇਆ ਨਿਕਲਦੀ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਹੇ ਹਨ ਇਸ ਲਈ ਕਰਜ਼ਦਾਰ ਅਤੇ ਗਰੰਟਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਨਿਯਮ 9 ਨਾਲ ਪੜ੍ਹੇ ਜਾਂਦੇ ਉਕਤ ਐਕਟ ਦੇ ਸੈਕਸ਼ਨ 13 (4) ਤਹਿਤ ਖੁਦ ਨੂੰ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦੱਸੀ ਜਾਇਦਾਦ ਦਾ ਸੰਕੇਤਕ ਕਬਜ਼ਾ ਲੈ ਲਿਆ ਹੈ।

ਉਪਲੱਬਧ ਸਮੇਂ 'ਚ ਸਕਿਓਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਖਾਸ ਤੌਰ 'ਤੇ ਕਰਜ਼ਦਾਰਾਂ ਅਤੇ ਗਰੰਟਰ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ ਦੀ ਸੂਰਤ 'ਚ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਵੱਲੋਂ ਐਚ ਐਲ/104611000009 ਵਿੱਚ ਬਕਾਇਆ ਨਿਕਲਦੀ ਰਕਮ ਰੁਪਏ 10,79,739.50 ਮਿਤੀ 01.08.2024 ਤੋਂ ਲਾਗੂ ਭਵਿੱਖੀ ਵਿਆਜ਼ ਸਮੇਤ ਵਸੂਲੀ ਕੀਤੀ ਜਾਵੇਗੀ।

ਅਚੱਲ ਜਾਇਦਾਦ ਦਾ ਵੇਰਵਾ

ਅਚੱਲ ਜਾਇਦਾਦ ਦਾ ਉਚਿਤ ਰਹਿਣਨਾਮਾ : ਵਿਕਰੀ ਬੈਨਾਮਾ ਦਸਤਾਵੇਜ਼ ਨੰ. 2019-20/106/1/23692 ਮਿਤੀ 22.01.2020 ਰਾਹੀਂ ਸ੍ਰੀਮਤੀ ਕੁਲਦੀਪ ਕੋਰ ਪਤਨੀ ਸ੍ਰੀ ਗੁਰਨਾਮ ਸਿੰਘ ਦੀ ਮਾਲਕੀ ਹੇਠ ਮਕਾਨ ਨੰ. 1438, ਪਿੰਡ ਤਰਫ਼ ਗਾਹਲੇਵਾਲ, ਹੱਦਬਸਤ ਨੰ. 166, ਅਬਾਦੀ ਲਕਸ਼ਮੀ ਕਲੋਨੀ ਗਲੀ ਨੰ. 2 ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ ਜਾਇਦਾਦ ਰਕਬਾ 60 ਵਰਗ ਗਜ਼ ਦੇ ਸਾਰੇ ਹਿੱਸੇ।

ਮਿਤੀ : 13.02.2025, ਸਥਾਨ : ਲੁਧਿਆਣਾ (ਅਧਿਕਾਰਤ ਅਫਸਰ)

Capital Small Finance Bank Ltd.

HO:- MIDAS Corporate Park, 3rd Floor, 37, G.T. Road, Jalandhar-144001, Punjab, India

ਕਬਜ਼ਾ ਨੋਟਿਸ (ਅਚੱਲ ਜਾਇਦਾਦ ਲਈ)

ਜਿਵੇਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜ਼ੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਅਸੈੱਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ (ਐਕਟ, 2002 (54 ਆਫ 2002) ਅਧੀਨ ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਮਿਤੀ 21.11.2024 ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰ 1 ਮੈਸਰਜ਼ ਐਸ.ਪੀ. ਟਰਾਂਸਪੋਰਟ, ਮਕਾਨ ਨੰ. 172, ਗਲੀ ਨੰ. 2, ਨਿਊ ਕਰਮਸਾਰ ਕਾਲੋਨੀ, ਲੁਧਿਆਣਾ ਵਿਖੇ ਸਥਿਤ, ਰਾਹੀਂ ਇਸ ਦੇ ਮਾਲਕ ਸ੍ਰੀ ਸੁਰਿੰਦਰ ਪਾਲ ਸਿੰਘ, 2 ਸ੍ਰੀ ਸੁਰਿੰਦਰ ਪਾਲ ਸਿੰਘ ਪੁੱਤਰ ਹਰਜਿੰਦਰ ਸਿੰਘ ਵਾਸੀ ਮਕਾਨ ਨੰ. 172, ਗਲੀ ਨੰ. 2, ਨਿਊ ਕਰਮਸਾਰ ਕਾਲੋਨੀ ਟਿੱਬਾ ਰੋਡ, ਬਸਤੀ ਜੋਧੇਵਾਲ, ਲੁਧਿਆਣਾ, ਪੰਜਾਬ- 141007, (ਬਾਅਦ ਵਿੱਚ ਕਰਜ਼ਦਾਰਾਂ ਵਜੋਂ ਹਵਾਲਾ ਦਿੱਤਾ ਗਿਆ) ਅਤੇ ਗਰੰਟਰ 3 ਸ੍ਰੀ ਹਰਜਿੰਦਰ ਸਿੰਘ ਪੁੱਤਰ ਸ੍ਰੀ ਜੋਗਿੰਦਰ ਸਿੰਘ ਵਾਸੀ ਮਕਾਨ ਨੰ. 172, ਨਿਊ ਕਰਮਸਾਰ ਕਾਲੋਨੀ ਵਾਰਡ ਨੰ. 9, ਲੁਧਿਆਣਾ- 141007 ਅਤੇ ਵਿਖੇ ਵੀ- ਮਕਾਨ ਨੰ. 172, ਗਲੀ ਨੰ. 2, ਨਿਊ ਕਰਮਸਾਰ ਕਾਲੋਨੀ ਬਸਤੀ ਜੋਧੇਵਾਲ, ਲੁਧਿਆਣਾ, ਪੰਜਾਬ- 141007, 4

ਹੈਲਥ ਫਾਰ ਆਲ ਸੁਸਾਇਟੀ ਨੇ ਪ੍ਰਕਾਸ਼ ਪੁਰਬ ਮੌਕੇ ਮਰੀਜ਼ਾਂ ਨੂੰ ਫਲ ਵੰਡੇ

ਫਰੀਦਕੋਟ (ਐਲਿਗਜੈਂਡਰ ਡਿਸੂਜਾ)-ਹੈਲਥ ਫਾਰ ਆਲ ਸੁਸਾਇਟੀ ਵੱਲੋਂ ਸਿਵਲ ਹਸਪਤਾਲ ਵਿਖੇ ਦਾਖਲ ਮਰੀਜ਼ਾਂ ਤੇ ਉਨ੍ਹਾਂ ਦੇ ਪਰਵਾਰਾਂ ਨੂੰ ਫਲ ਵੰਡ ਕੇ ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ ਗਿਆ।ਇਸ ਮੌਕੇ ਸਿਵਲ ਸਰਜਨ ਚੰਦਰ ਸ਼ੇਖਰ ਕੱਕੜ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।ਇਸ ਸ਼ੁਭ ਕਾਰਜ ਲਈ ਵਰਿੰਦਰ ਚਾਵਲਾ ਦੁਆਰਾ ਮਰੀਜ਼ਾਂ ਨੂੰ ਫਲ ਦਾਨ ਕੀਤੇ ਗਏ।ਹੈਲਥ ਫਾਰ ਆਲ ਸੁਸਾਇਟੀ ਦੇ ਪ੍ਰਧਾਨ ਡਾ. ਵਿਸ਼ਵਦੀਪ ਗੋਇਲ ਨੇ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਦਿਵਸ 'ਤੇ ਸਾਰਿਆਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਗੁਰੂ ਰਵਿਦਾਸ ਮਹਾਰਾਜ ਜੀ ਦੇ ਪਵਿੱਤਰ ਸ਼ਬਦ ਤੇ ਸਿੱਖਿਆਵਾਂ ਸਾਨੂੰ ਇੱਕ ਬਿਹਤਰ ਸਮਾਜ ਦੀ ਸਿਰਜਣਾ ਲਈ ਹਮੇਸ਼ਾ ਪ੍ਰੇਰਿਤ ਕਰਦੀਆਂ ਰਹਿਣਗੀਆਂ।ਉਨ੍ਹਾ ਕਿਹਾ ਕਿ ਸਾਡਾ ਦੇਸ਼ ਗੁਰੂਆਂ, ਸੰਤਾਂ ਤੇ ਪੈਗੰਬਰਾਂ ਦੀ ਧਰਤੀ ਹੈ।ਗੁਰੂ ਰਵਿਦਾਸ ਜੀ ਦਾ ਭਗਤੀ ਲਹਿਰ ਤੇ ਸਮਾਜ ਸੁਧਾਰ ਵਿੱਚ ਵਿਸ਼ੇਸ਼ ਆਹਿਮ ਯੋਗਦਾਨ ਸੀ।ਉਸ ਦਾ ਜਨਮ ਵਾਰਾਣਸੀ ਦੇ ਨੇੜੇ ਇੱਕ ਛੋਟੇ ਜਿਹੇ ਪਿੰਡ ਵਿੱਚ ਹੋਇਆ ਸੀ।ਉਨ੍ਹਾਂ ਸਾਰੀ ਜ਼ਿੰਦਗੀ ਲੋਕਾਂ ਨੂੰ ਭਾਈਚਾਰੇ ਤੇ ਸਹਿਣਸ਼ੀਲਤਾ ਦਾ ਉਪਦੇਸ਼ ਦਿੱਤਾ।ਉਨ੍ਹਾ ਕਿਹਾ ਕਿ ਗੁਰੂ ਰਵਿਦਾਸ ਜੀ ਨੇ ਸਾਨੂੰ ਸਮਾਜ ਵਿੱਚ ਸਾਰਿਆਂ ਨੂੰ ਬਰਾਬਰ ਦਾ ਦਰਜਾ ਦੇਣ ਦੀ ਸਿੱਖਿਆ ਦਿੱਤੀ ਹੈ।ਇਸ ਮੌਕੇ ਸਿਵਲ ਸਰਜਨ ਚੰਦਰ ਸ਼ੇਖਰ ਕੱਕੜ, ਵਰਿੰਦਰ ਚਾਵਲਾ, ਬਲਦੇਵ ਰਾਜ ਗਰੋਵਰ, ਰਾਜੇਸ਼ ਮੋਂਗਨ, ਸੁਰੇਸ਼ ਅਰੋੜਾ, ਕਸ਼ਮੀਰ ਸਿੰਘ, ਵਿਜੇ ਸੂਰੀ, ਸੁਰਿੰਦਰ ਬਜਾਜ ਪੱਪੂ ਆਦਿ ਮੌਜੂਦ ਸਨ।

ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਤ ਖੂਨਦਾਨ ਕੈਂਪ

ਪਟਿਆਲਾ (ਰਾਜਿੰਦਰ ਸਿੰਘ ਬਿੰਦ)-ਸ੍ਰੀ ਗੁਰੂ ਰਵਿਦਾਸ ਸਭਾ ਪਿੰਡ ਕਰਹਾਲੀ ਸਾਹਿਬ ਨੇ ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਤ ਪਿੰਡ ਕਰਹਾਲੀ ਸਾਹਿਬ ਵਿਖੇ ਖੂਨਦਾਨ ਕੈਂਪ ਲਗਾਇਆ, ਜਿਸ ਦਾ ਰਸਮੀਂ ਉਦਘਾਟਨ ਡਾ. ਸੰਦੀਪ ਸਿੰਘ ਤੇ ਪੰਚ ਸੇਰੂ ਰਾਮ ਨੇ ਖੂਨ ਦਾਨ ਕਰਕੇ ਕੀਤਾ। ਇਹ ਖੂਨਦਾਨ ਕੈਂਪ ਡਾ. ਮਨਦੀਪ ਸਿੰਘ ਤੇ ਡਾ. ਗੁਰਪ੍ਰੀਤ ਸਿੰਘ ਦੀ ਯੋਗ ਅਗਵਾਈ ਹੇਠ ਲਗਾਇਆ ਗਿਆ। ਇਸ ਕੈਂਪ ਵਿੱਚ ਡਾ. ਮਨਦੀਪ ਸਿੰਘ, ਸੂਬੇਦਾਰ ਨਸੀਬ ਸਿੰਘ, ਡਾ. ਕੁਲਵਿੰਦਰ ਸਿੰਘ ਕਰਹਾਲੀ, ਭੈਣ ਬੇਅੰਤ ਕੌਰ, ਹਰਮਨ ਕੌਰ, ਕਮਲਪ੍ਰੀਤ ਕੌਰ, ਰਾਜਵਿੰਦਰ ਸਿੰਘ, ਨਿਰਮਲ ਸਿੰਘ, ਲਖਵਿੰਦਰ ਸਿੰਘ, ਸੰਕਰ ਸਿੰਘ, ਗੋਲਡੀ ਸਿੰਘ, ਅਮਰਿੰਦਰ ਸਿੰਘ ਤੇ ਡਾ. ਗੁਰਪ੍ਰੀਤ ਸਿੰਘ ਸਮੇਤ 30 ਖੂਨਦਾਨੀਆਂ ਨੇ ਖੂਨ ਦਾਨ ਕੀਤਾ। ਇਸ ਮੌਕੇ ਸ੍ਰੀ ਗੁਰੂ ਰਵਿਦਾਸ ਸਭਾ ਕਰਹਾਲੀ ਸਾਹਿਬ ਦੇ ਸਮੂਹ ਮੈਂਬਰਾਂ ਨੇ ਕਿਹਾ ਕਿ ਖੂਨਦਾਨ ਸਭ ਤੋਂ ਉੱਤਮ ਦਾਨ ਹੈ। ਹਰੇਕ ਤੰਦਰੁਸਤ ਇਨਸਾਨ ਨੂੰ ਖੂਨਦਾਨ ਕਰਨਾ ਚਾਹੀਦਾ ਹੈ। ਇਸ ਮੌਕੇ ਜਸਵੀਰ ਸਿੰਘ, ਹਰਚੰਦ ਸਿੰਘ ਖੇੜਕੀ, ਹਰਜੀਤ ਕੌਰ, ਬੇਅੰਤ ਕੌਰ, ਹੁਸਨਪ੍ਰੀਤ ਕੌਰ, ਆਤਮਾ ਸਿੰਘ, ਡਾ. ਮਨਦੀਪ ਸਿੰਘ, ਡਾ. ਗੁਰਪ੍ਰੀਤ ਸਿੰਘ, ਅਮਨਜੋਤ ਕੌਰ, ਗੁਰਦੀਪ ਕੌਰ, ਗੁਰਵਿੰਦਰ ਸਿੰਘ ਤੇ ਅਨੂਪ ਹਾਜ਼ਰ ਸਨ।

ਸ੍ਰੀ ਗੁਰੂ ਰਵਿਦਾਸ ਪ੍ਰਕਾਸ਼ ਪੁਰਬ ਮੌਕੇ ਡਾ. ਮੱਟੂ ਦਾ ਸਨਮਾਨ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)-ਸ਼੍ਰੋਮਣੀ ਸੰਤ ਸਤਿਗੁਰੂ ਰਵਿਦਾਸ ਜੀ ਦੇ 648ਵੇਂ ਪ੍ਰਕਾਸ਼ ਪੁਰਬ ਮੌਕੇ ਹਲਕਾ ਸ਼ੁਤਰਾਣਾ ਅਧੀਨ ਪੈਂਦੇ ਪਿੰਡ ਗੁਲਜ਼ਾਰਪੁਰ ਠਰੂਆ ਵਿਖੇ ਸ੍ਰੀ ਗੁਰੂ ਰਵਿਦਾਸ ਕਮੇਟੀ ਤੇ ਮਹਾਤਮਾ ਗਜੀਆ ਦਾਸ ਜੀ ਵੱਲੋਂ ਹਲਕਾ ਸ਼ੁਤਰਾਣਾ ਦੇ ਸਰਗਰਮ ਲੋਕ ਆਗੂ ਡਾ. ਜਤਿੰਦਰ ਸਿੰਘ ਮੱਟੂ ਨੂੰ ਸਿਰੋਪਾਓ ਭੇਟ ਕਰਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਮਹਾਤਮਾ ਗਜੀਆ ਦਾਸ ਜੀ ਨੇ ਕਿਹਾ ਕਿ ਗੁਰੂ ਰਵਿਦਾਸ ਜੀ ਨੇ ਅੰਧ ਵਿਸ਼ਵਾਸ ਖਤਮ ਕੀਤਾ, ਸਿੱਖਿਆ ਦੀ ਗੱਲ ਕੀਤੀ, ਆਪਣੇ ਰਾਜ ਭਾਗ ਦੀ ਗੱਲ ਕੀਤੀ।ਲਿਹਾਜਾ ਸਾਡੇ ਸਮਾਜ ਨੂੰ ਸਤਿਗੁਰੂ ਰਵਿਦਾਸ ਜੀ ਦੇ ਸਿਧਾਂਤਾਂ 'ਤੇ ਚੱਲਣਾ ਚਾਹੀਦਾ ਹੈ।ਇਸ ਮੌਕੇ ਗੱਲਬਾਤ ਕਰਦਿਆਂ ਹਲਕਾ ਸ਼ੁਤਰਾਣਾ ਦੇ ਸਰਗਰਮ ਨੌਜਵਾਨ ਲੋਕ ਆਗੂ ਡਾ. ਜਤਿੰਦਰ ਸਿੰਘ ਮੱਟੂ ਨੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਐਸੇ ਰਾਜ ਦੀ ਵਿਵਸਥਾ ਚਾਹੁੰਦੇ ਸਨ, ਜਿੱਥੇ ਸਾਰੇ ਲੋਕ ਇਕ ਬਰਾਬਰ ਹੋਣ, ਲੋਕਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਉਚ-ਨੀਚ ਦੀ ਭਾਵਨਾ ਨਾ ਹੋਵੇ, ਜਿੱਥੇ ਸਾਰੇ ਨਾਗਰਿਕਾਂ ਨੂੰ ਬਰਾਬਰ ਅਧਿਕਾਰ ਮਿਲਣ।ਅੱਜ ਸਾਨੂੰ ਆਪਣੇ ਬੱਚਿਆਂ ਨੂੰ ਆਪਣੇ ਗੁਰੂਆਂ, ਸੰਤਾਂ, ਰਹਿਬਰਾਂ ਦੇ ਸਿਧਾਂਤਾਂ ਬਾਰੇ ਜਾਗਰੂਕ ਕਰਨ ਦੇ ਨਾਲ ਨਾਲ ਉੱਚ ਸਿੱਖਿਆ ਹਾਸਲ ਕਰਨ ਲਈ ਜਾਗਰੂਕ ਕਰਨਾ ਚਾਹੀਦਾ ਹੈ।ਇਸ ਮੌਕੇ ਹਾਜ਼ਰ ਕਮੇਟੀ ਨੁਮਾਇੰਦਿਆਂ ਵਿੱਚ ਬਲਵਿੰਦਰ ਸਿੰਘ, ਪੱਪੂ ਸਿੰਘ, ਬੀਰੂ ਰਾਮ, ਬਲਜੀਤ ਸਿੰਘ, ਅਰਜੀਤ ਸਿੰਘ, ਸੁਰੇਸ਼ ਕੁਮਾਰ, ਕੁਲਦੀਪ ਸਿੰਘ, ਸੁੱਖੀ ਸਿੰਘ, ਮੀਨੂੰ, ਕਸ਼ਮੀਰ ਸਿੰਘ, ਹੈਪੀ ਸਿੰਘ, ਰਵੀ, ਕਮਲਦੀਪ, ਬਿਕਰਮ ਸਿੰਘ ਤੋਂ ਇਲਾਵਾ ਇਲਾਕਾ ਵਾਸੀਆਂ ਵਿੱਚ ਸੂਬਾ ਸਿੰਘ, ਗਲੌਲੀ ਤੋਂ ਸਰਪੰਚ ਬਲਬੀਰ ਸਿੰਘ ਫੌਜੀ, ਨਿਰਮਲ ਸਿੰਘ, ਦਲਬਾਰਾ ਸਿੰਘ ਆਦਿ ਹਾਜ਼ਰ ਸਨ।

ਕਾਂਗੜਾ ਪਰਵਾਰ ਦੀ ਦਲਿਤਾਂ ਪ੍ਰਤੀ ਕਾਰਗੁਜ਼ਾਰੀ ਸ਼ਲਾਘਾਯੋਗ : ਸਿੰਗਲਾ

ਸੰਗਰੂਰ (ਪ੍ਰਵੀਨ ਸਿੰਘ)-ਸਾਬਕਾ ਕੈਬਿਨਟ ਮੰਤਰੀ ਪੰਜਾਬ ਤੇ ਸਾਬਕਾ ਮੈਂਬਰ ਪਾਰਲੀਮੈਂਟ ਵਿਜੈ ਇੰਦਰ ਸਿੰਗਲਾ ਸੀਨੀਅਰ ਦਲਿਤ ਲੀਡਰ ਦਰਸ਼ਨ ਸਿੰਘ ਕਾਂਗੜਾ ਕੌਮੀ ਪ੍ਰਧਾਨ ਭਾਰਤੀ ਅੰਬੇਡਕਰ ਮਿਸ਼ਨ ਭਾਰਤ ਦੇ ਘਰ ਪਹੁੰਚੇ, ਜਿੱਥੇ ਉਨ੍ਹਾਂ ਦੇ ਪਰਵਾਰ ਨਾਲ ਸਮਾਂ ਬਿਤਾਇਆ ਤੇ ਸਿਆਸੀ ਨੁਕਤਿਆਂ 'ਤੇ ਵਿਚਾਰ ਵਟਾਂਦਰਾ ਕੀਤਾ। ਇਸ ਮੌਕੇ ਕਾਂਗੜਾ ਪਰਵਾਰ ਤੇ ਵਾਰਡ ਨੰਬਰ 21 ਦੇ ਨੌਜਵਾਨਾਂ ਵੱਲੋਂ ਵਿਜੈ ਇੰਦਰ ਸਿੰਗਲਾ ਦਾ ਸੰਵਿਧਾਨ ਦੀ ਪ੍ਰਤਿਮਾ ਦੇ ਕੇ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਸ੍ਰੀ ਸਿੰਗਲਾ ਨੇ ਕਿਹਾ ਕਿ ਕਾਂਗੜਾ ਪਰਵਾਰ ਉਨ੍ਹਾਂ ਦਾ ਆਪਣਾ ਪਰਵਾਰ ਹੈ। ਉਹ ਅੱਜ ਪਰਵਾਰ ਨੂੰ ਮਿਲਣ ਤੇ ਚਾਹ ਦਾ ਕੱਪ ਸਾਂਝਾ ਕਰਨ ਆਏ ਹਨ। ਉਨ੍ਹਾਂ ਐੱਸ. ਸੀ. ਕਮਿਸ਼ਨ ਦੇ ਸ੍ਰੀਮਤੀ ਪੂਨਮ ਕਾਂਗੜਾ ਤੇ ਦਰਸ਼ਨ ਕਾਂਗੜਾ ਕੌਮੀ ਪ੍ਰਧਾਨ ਭਾਰਤੀ ਅੰਬੇਡਕਰ ਮਿਸ਼ਨ ਭਾਰਤ ਦੀ ਕਾਰਗੁਜ਼ਾਰੀ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਨ੍ਹਾਂ ਦੀ ਸਮਾਜ ਪ੍ਰਤੀ ਕਾਰਗੁਜ਼ਾਰੀ ਕਾਫ਼ੀ ਸ਼ਲਾਘਾਯੋਗ ਹੈ, ਜੋ ਪਿਛਲੇ ਲੰਮੇਂ ਸਮੇਂ ਤੋਂ ਦਲਿਤ ਵਰਗ ਦੀ ਵੱਡੇ ਪੱਧਰ 'ਤੇ ਸੇਵਾ ਕਰਦੇ ਆ ਰਹੇ ਹਨ। ਉਨ੍ਹਾਂ ਕਿਹਾ ਕਿ ਅੱਜ ਵੀ ਰਾਹੁਲ ਗਾਂਧੀ ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਡਕਰ ਜੀ ਰਾਹੀਂ ਰਚਿਤ ਸੰਵਿਧਾਨ ਨੂੰ ਬਚਾਉਣ ਲਈ ਲੜਾਈ ਲੜ ਰਹੇ ਹਨ। ਇਸ ਮੌਕੇ ਸਾਜਨ ਕਾਂਗੜਾ, ਸ੍ਰੀਮਤੀ ਅਰਾਧਨਾ ਕਾਂਗੜਾ ਤੋਂ ਇਲਾਵਾ ਬਲਾਕ ਕਾਂਗਰਸ ਦੇ ਪ੍ਰਧਾਨ ਰੌਕੀ ਬਾਂਸਲ, ਬਿੰਦਰ ਬਾਂਸਲ, ਡਿਪਨ ਸਹੋਤਾ, ਰਾਣਾ ਬਾਲੂ ਸੱਤਪਾਲ ਧਾਲੀਵਾਲ, ਕਰਨ ਕੁਮਾਰ, ਪੁਸ਼ਵਿੰਦਰ ਸਿੰਘ, ਦਾਰਾ ਸਿੰਘ, ਭੁਪਿੰਦਰ ਸਿੰਘ, ਕਮਲ ਜੈਂਡੂ, ਲਖਮੀਰ ਸਿੰਘ ਸੋਥੋਂ, ਜਸਪ੍ਰੀਤ ਸਿੰਘ ਜੱਸਾ, ਸਾਹਿਲ ਕੁਮਾਰ, ਜੱਗੀ, ਕਾਲੂ, ਮਨਵੀਰ ਸਿੰਘ, ਰਾਮ ਕਾਂਗੜਾ ਤੇ ਸੰਜੂ ਆਦਿ ਹਾਜ਼ਰ ਸਨ।

ਨਿਊ ਗ੍ਰੇਨ ਮਾਰਕੀਟ ਵੈੱਲਫੇਅਰ ਸੋਸਾਇਟੀ ਦੀ ਚੋਣ 17 ਨੂੰ, ਉਮੀਦਵਾਰਾਂ ਨਾਮਜ਼ਦਗੀ ਕਾਗਜ਼ ਦਾਖ਼ਲ ਕੀਤੇ

ਰਾਜਪੁਰਾ (ਰਮੇਸ਼ ਕਟਾਰੀਆ)-ਇਥੋਂ ਦੀ ਨਿਊ ਗ੍ਰੇਨ ਮਾਰਕੀਟ ਵੈੱਲਫੇਅਰ ਸੋਸਾਇਟੀ ਦੀ 17 ਫਰਵਰੀ ਸੋਮਵਾਰ ਨੂੰ ਦੋ ਸਾਲਾਂ ਲਈ ਪ੍ਰਧਾਨਗੀ ਦੀ ਚੋਣ ਲਈ ਮੌਜੂਦਾ ਪ੍ਰਧਾਨ ਦਵਿੰਦਰ ਸਿੰਘ ਬੈਦਵਾਨ, ਸਾਬਕਾ ਪ੍ਰਧਾਨ ਰੁਪਿੰਦਰ ਸਿੰਘ ਸੰਧੂ ਰੂਪੀ ਤੇ ਸਮਾਜ ਸੇਵੀ ਰਾਕੇਸ਼ ਕੁਮਾਰ ਕੁਕਰੇਜਾ ਰਿਕੂ ਨੇ ਆਪਣੇ ਸਮਰਥਕਾਂ ਦੇ ਨਾਲ ਜਾ ਕੇ ਚੋਣ ਅਧਿਕਾਰੀ ਸੁੰਦਰ ਦਾਸ ਗਰੋਵਰ ਕੋਲ ਨਾਮਜ਼ਦਗੀ ਕਾਗਜ਼ ਦਾਖ਼ਲ ਕੀਤੇ।ਇਸ ਮੌਕੇ ਇਨ੍ਹਾਂ ਉਮੀਦਵਾਰਾਂ ਨੇ ਮੰਡੀ ਦੇ ਆੜ੍ਹਤੀਆਂ ਲਈ ਵੱਧ ਤੋਂ ਵੱਧ ਕੰਮ ਕਰਨ ਦਾ ਭਰੋਸਾ ਦਿੱਤਾ।ਮੌਜੂਦਾ ਪ੍ਰਧਾਨ ਦਵਿੰਦਰ ਸਿੰਘ ਬੈਦਵਾਨ ਨੇ ਕਿਹਾ ਕਿ ਉਹ ਮੰਡੀ ਦੀ ਭਲਾਈ ਲਈ ਕੀਤੇ ਕੰਮਾਂ ਨੂੰ ਦੇਖਦੇ ਹੋਏ ਦੋਬਾਰਾ ਮੈਦਾਨ ਵਿੱਚ ਉਤਾਰਿਆ ਹਾਂ।ਮੰਡੀ ਦੇ ਸਾਬਕਾ ਪ੍ਰਧਾਨ ਰੂਪੀ ਨੇ ਕਿਹਾ ਕਿ ਉਹ ਮੰਡੀ ਵਿੱਚ ਬੀਤੇ ਸਮੇਂ ਦੌਰਾਨ ਪੈਦਾ ਹੋਏ ਹਾਲਾਤਾਂ ਨੂੰ ਦੇਖਦੇ ਹੋਏ ਚੋਣ ਮੈਦਾਨ ਵਿੱਚ ਨਿੱਤਰੇ ਹਨ।ਇਸ ਮੌਕੇ ਆੜ੍ਹਤੀ ਰਾਕੇਸ਼ ਕੁਕਰੇਜਾ ਰਿਕੂ ਨੇ ਕਿਹਾ ਕਿ ਉਹ ਸਰਦਾਰੀ ਨਹੀਂ ਸੇਵਾ ਕਰਨ ਲਈ ਮੈਦਾਨ ਵਿੱਚ ਨਿੱਤਰੇ ਹਨ, ਇਸ ਲਈ ਉਨ੍ਹਾਂ ਨੂੰ ਸੇਵਾ ਦਾ ਮੌਕਾ ਦਿੱਤਾ ਜਾਵੇ।

ਰਾਮਾਨੁਜਨ ਗਣਿਤ ਕਲੱਬ ਵੱਲੋਂ ਗਣਿਤ ਬਾਰੇ ਸੈਮੀਨਾਰ

ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਫਤਿਹਗੜ੍ਹ ਸਾਹਿਬ ਦੇ ਗਣਿਤ ਵਿਭਾਗ ਦੇ ਰਾਮਾਨੁਜਨ ਗਣਿਤ ਕਲੱਬ ਨੇ ਰਾਸ਼ਟਰੀ ਗਣਿਤ ਦਿਵਸ ਦੇ ਜਸ਼ਨ ਵਿੱਚ 'ਗਣਿਤ ਦੇ ਉਪਯੋਗ' 'ਤੇ ਇੱਕ ਰੋਜ਼ਾ ਸੈਮੀਨਾਰ ਕੀਤਾ।ਇਸ ਸਮਾਗਮ ਦਾ ਉਦੇਸ਼ ਵਿਦਿਆਰਥੀਆਂ ਤੇ ਫੈਕਲਟੀ ਮੈਂਬਰਾਂ ਨੂੰ ਗਣਿਤ ਤੇ ਇਸ ਦੇ ਅਸਲ-ਸੰਸਾਰ ਉਪਯੋਗਾਂ ਦੀ ਸਮਝ ਨੂੰ ਵਧਾਉਣਾ ਸੀ।ਇਸ ਸਮਾਗਮ ਦੀ ਸ਼ੁਰੂਆਤ ਡਾ. ਸੁਖਵਿੰਦਰ ਸਿੰਘ ਬਿਲਿੰਗ, ਡੀਨ ਅਕਾਦਮਿਕ ਮਾਮਲਿਆਂ ਦੁਆਰਾ ਨਿੱਘਾ ਸਵਾਗਤ ਨਾਲ ਹੋਈ। ਉਨ੍ਹਾ ਆਪਣੇ ਉਦਘਾਟਨੀ ਭਾਸ਼ਣ ਵਿੱਚ ਵੱਖ-ਵੱਖ ਵਿਸ਼ਿਆਂ ਵਿੱਚ ਗਣਿਤ ਦੀ ਡੂੰਘੀ ਮਹੱਤਤਾ 'ਤੇ ਜ਼ੋਰ ਦਿੱਤਾ।ਉਨ੍ਹਾ ਅਕਾਦਮਿਕ ਉੱਤਮਤਾ ਤੇ ਬੌਧਿਕ ਉਤਸੁਕਤਾ ਨੂੰ ਉਤਸ਼ਾਹਤ ਕਰਨ 'ਚ ਅਜਿਹੇ ਲੈਕਚਰਾਂ ਦੀ ਭੂਮਿਕਾ 'ਤੇ ਚਾਨਣਾ ਪਾਇਆ। ਇਸ ਸਮਾਗਮ ਦੇ ਮੁੱਖ ਬੁਲਾਰੇ ਡਾ. ਵੀ. ਕੇ. ਕੁਕਰੇਜਾ, ਐੱਸ.ਐੱਲ.ਆਈ.ਈ.ਟੀ., ਲੌਂਗੋਵਾਲ ਵਿਖੇ ਗਣਿਤ ਦੇ ਪ੍ਰੋਫੈਸਰ ਸਨ।ਡਾ. ਕੁਕਰੇਜਾ ਨੇ ਅਪਣੇ ਭਾਸ਼ਣ ਵਿੱਚ ਵੱਖ-ਵੱਖ ਖੇਤਰਾਂ ਵਿੱਚ ਗਣਿਤ ਦੇ ਵਿਸ਼ਾਲ ਉਪਯੋਗਾਂ 'ਤੇ ਚਾਨਣਾ ਪਾਇਆ।ਲੈਕਚਰ ਤੋਂ ਬਾਅਦ ਇੱਕ ਇੰਟਰਐਕਟਿਵ ਸੈਸ਼ਨ ਨੇ ਵਿਦਿਆਰਥੀਆਂ ਤੇ ਫੈਕਲਟੀ ਮੈਂਬਰਾਂ ਨੂੰ ਡਾ. ਕੁਕਰੇਜਾ ਨਾਲ ਵਿਚਾਰ-ਵਟਾਂਦਰੇ ਵਿੱਚ ਸ਼ਾਮਲ ਹੋਣ ਦਾ ਮੌਕਾ ਦਿੱਤਾ।ਪ੍ਰੋਗਰਾਮ ਦਾ ਅੰਤ ਗਣਿਤ ਵਿਭਾਗ ਦੇ ਮੁਖੀ ਡਾ. ਰਿਚਾ ਬਰਾੜ ਦੁਆਰਾ ਧੰਨਵਾਦ ਦੇ ਮਤੇ ਨਾਲ ਹੋਇਆ।ਉਨ੍ਹਾ ਡਾ. ਕੁਕਰੇਜਾ ਦਾ ਉਨ੍ਹਾਂ ਦੇ ਅਨਮੋਲ ਯੋਗਦਾਨ ਲਈ ਦਿਲੋਂ ਧੰਨਵਾਦ ਕੀਤਾ।ਡਾ. ਬਰਾੜ ਨੇ ਵਿਦਿਆਰਥੀਆਂ ਤੇ ਫੈਕਲਟੀ ਮੈਂਬਰਾਂ ਨੂੰ ਪਾਠ-ਪੁਸਤਕਾਂ ਤੋਂ ਪਰੇ ਗਣਿਤ ਦੀ ਪੜਚੋਲ ਕਰਨ ਲਈ ਪ੍ਰੇਰਿਤ ਕਰਨ ਵਿੱਚ ਅਜਿਹੀਆਂ ਅਕਾਦਮਿਕ ਪਹਿਲਕਦਮੀਆਂ ਦੀ ਮਹੱਤਤਾ ਨੂੰ ਦੁਹਰਾਇਆ।

ਚੰਦ ਭਾਨ ਜਬਰ ਵਿਰੋਧੀ ਐਕਸ਼ਨ ਕਮੇਟੀ ਦੇ ਸੰਘਰਸ਼ ਸਦਕਾ ਮਜ਼ਦੂਰ ਬਿਨਾਂ ਸ਼ਰਤ ਰਿਹਾਅ

ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)-ਵੱਖ ਵੱਖ ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਆਧਾਰਤ ਚੰਦ ਭਾਨ ਜਬਰ ਵਿਰੋਧੀ ਐਕਸ਼ਨ ਕਮੇਟੀ ਵੱਲੋਂ ਲੜੇ ਸੰਘਰਸ਼ ਦੇ ਦਬਾਅ ਦੀ ਬਦੌਲਤ ਪੁਲਸ ਪ੍ਰਸ਼ਾਸਨ ਨੂੰ ਚੰਦ ਭਾਨ ਦੇ ਫ਼ਰੀਦਕੋਟ ਜੇਲ੍ਹ ਵਿੱਚ ਡੱਕੇ ਸਾਰੇ 41 ਮਜ਼ਦੂਰ ਮਰਦਾਂ/ਔਰਤਾਂ ਨੂੰ ਬਿਨਾਂ ਸ਼ਰਤ ਰਿਹਾਅ ਕਰਨ ਲਈ ਮਜਬੂਰ ਹੋਣਾ ਪਿਆ। ਰਜੇਸ਼ ਕੁਮਾਰ ਜੈਤੋ ਥਾਣਾ ਮੁਖੀ ਨੂੰ ਲਾਈਨ ਹਾਜ਼ਰ ਕਰਨਾ ਪਿਆ ਤੇ ਮਜ਼ਦੂਰਾਂ ਉੱਪਰ ਜਬਰ ਕਰਨ ਤੇ ਗੋਲੀ ਚਲਾਉਣ ਵਾਲਿਆਂ ਖਿਲਾਫ਼ ਆਰਮਜ਼ ਐਕਟ ਤਹਿਤ ਦਰਜ ਕੇਸ ਵਿੱਚ ਰਸੂਖ਼ਵਾਨ ਗਮਦੂਰ ਸਿੰਘ ਪੱਪੂ ਵਗੈਰਾ ਨੂੰ ਨਾਮਜ਼ਦ ਕਰਦਿਆਂ ਇਸ ਕੇਸ ਵਿੱਚ ਇਰਾਦਾ ਕਤਲ ਤੇ ਐੱਸ ਸੀ ਐੱਸ ਟੀ ਐਕਟ ਦਾ ਵਾਧਾ ਜੁਰਮ ਕਰਨਾ ਪਿਆ।ਲੰਘੀ ਦੇਰ ਰਾਤ ਫ਼ਰੀਦਕੋਟ ਜੇਲ੍ਹ 'ਚੋਂ ਰਿਹਾਅ ਹੋ ਕੇ ਬਾਹਰ ਆਏ ਤੇ ਪਿੰਡ ਚੰਦ ਭਾਨ ਪੁੱਜਣ 'ਤੇ ਸਾਰੇ ਮਜ਼ਦੂਰਾਂ ਦੇ ਗਲਾਂ ਵਿੱਚ ਹਾਰ ਪਾ ਕੇ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ।ਸਵਾਗਤ ਕਰਨ ਵਾਲਿਆਂ ਵਿੱਚ ਐਕਸ਼ਨ ਕਮੇਟੀ ਦੇ ਕਨਵੀਨਰ ਮੰਗਾ ਸਿੰਘ ਵੈਰੋਕੇ, ਗੁਰਤੇਜ ਸਿੰਘ ਹਰੀ ਨੌਂ, ਗੋਰਾ ਸਿੰਘ ਪਿਪਲੀ, ਗੁਰਪਾਲ ਸਿੰਘ ਨੰਗਲ, ਸਤਨਾਮ ਸਿੰਘ ਪੱਖੀ, ਲਛਮਣ ਸਿੰਘ ਸੇਵੇਵਾਲਾ, ਮੰਗਾ ਸਿੰਘ ਅਜ਼ਾਦ, ਸੁਖਪਾਲ ਸਿੰਘ ਖਿਆਲੀ

■ ਰਹਿੰਦੀਆਂ ਮੰਗਾਂ ਲਾਗੂ ਕਰਵਾਉਣ ਲਈ ਸੰਘਰਸ਼ ਜਾਰੀ ਰਹੇਗਾ : ਆਗੂ

ਵਾਲਾ, ਗੁਰਜੰਟ ਸਿੰਘ ਦਾਨ ਸਿੰਘ ਵਾਲਾ, ਨੌਨਿਹਾਲ ਸਿੰਘ ਦੀਪ ਸਿੰਘ ਵਾਲਾ, ਕਿਸਾਨ

13 Feb Page - 8.qxd 2/13/2025 11:34 PM Page 1

'ਬੇਟੀ ਬਚਾਓ, ਬੇਟੀ ਪੜ੍ਹਾਓ' ਮੁਹਿੰਮ ਤਹਿਤ ਜ਼ਿਲ੍ਹਾ ਪੱਧਰੀ ਜਾਗਰੂਕਤਾ ਸੈਮੀਨਾਰ

ਨਵਾਂਸ਼ਹਿਰ (ਮਨੋਜ ਲਾਡੀ) ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ, ਨੌਰਾ ਵਿਖੇ ਸੀਨੀਅਰ ਮੈਡੀਕਲ ਅਫ਼ਸਰ ਡਾ.ਚਰਨਜੀਤ ਕੁਮਾਰ ਦੀ ਅਗਵਾਈ ਅਧੀਨ 'ਬੇਟੀ ਬਚਾਓ, ਬੇਟੀ ਪੜ੍ਹਾਓ' ਮੁਹਿੰਮ ਤਹਿਤ ਜ਼ਿਲ੍ਹਾ ਪੱਧਰੀ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ।ਇਸ ਸੈਮੀਨਾਰ ਵਿਚ ਸਿਹਤ ਵਿਭਾਗ ਦੇ ਅਧਿਕਾਰੀਆਂ, ਕਰਮਚਾਰੀਆਂ ਤੇ ਮਾਸ ਮੀਡੀਆ ਵਿੰਗ ਸਿਵਲ ਸਰਜਨ ਦਫ਼ਤਰ ਸ਼ਹੀਦ ਭਗਤ ਸਿੰਘ ਨਗਰ ਤੋਂ ਜ਼ਿਲ੍ਹਾ ਸਮੂਹ ਸਿੱਖਿਆ ਤੇ ਸੂਚਨਾ ਅਫ਼ਸਰ ਦਲਜੀਤ ਸਿੰਘ, ਡਿਪਟੀ ਸਮੂਹ ਸਿੱਖਿਆ ਤੇ ਸੂਚਨਾ ਅਫ਼ਸਰ ਤਰਸੇਮ ਲਾਲ, ਪ੍ਰਿੰਸੀਪਲ ਅਮਰਦੀਪ ਕੌਰ ਅਤੇ ਸਮੂਹ ਅਧਿਆਪਕਾਂ ਤੇ ਬੱਚਿਆਂ ਨੇ ਪੂਰਨ ਸਹਿਯੋਗ ਦਿੱਤਾ।ਇਸ ਮੌਕੇ ਸੀਨੀਅਰ ਮੈਡੀਕਲ ਅਫਸਰ ਡਾ. ਚਰਨਜੀਤ ਕੁਮਾਰ ਨੇ ਪੀ ਸੀ ਪੀ ਐਨ ਡੀ ਟੀ ਐਕਟ ਬਾਰੇ ਜਾਗਰੂਕ ਕਰਦਿਆਂ ਦੱਸਿਆ ਕਿ ਦੇਸ਼-ਦੁਨੀਆ ਦੇ ਇਤਿਹਾਸ ਵਿਚ ਬਹੁਤ ਸਾਰੀਆਂ ਅਜਿਹੀਆਂ ਉਦਾਹਰਨਾਂ ਮਿਲਦੀਆਂ ਹਨ, ਜਦੋਂ ਲੜਕੀਆਂ ਤੇ ਮਹਿਲਾਵਾਂ ਨੇ ਦੇਸ਼ ਦਾ ਮਾਣ ਵਧਾਇਆ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਵਿਸ਼ੇਸ਼ ਉਪਰਾਲਾ ਕਰਦਿਆਂ ਪੰਜ ਸਾਲ ਤੱਕ ਦੀਆਂ ਬੱਚੀਆਂ ਦਾ ਇਲਾਜ ਸਾਰੇ ਸਰਕਾਰੀ ਹਸਪਤਾਲਾਂ ਵਿਚ ਮੁਫ਼ਤ ਕੀਤਾ ਜਾਂਦਾ ਹੈ।ਉਨ੍ਹਾਂ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਬਾਲੜੀ ਸੁਰੱਖਿਆ ਯੋਜਨਾ, ਜਨਨੀ ਸੁਰੱਖਿਆ ਯੋਜਨਾ, ਪੀ ਸੀ ਪੀ ਐਨ ਡੀ ਟੀ ਐਕਟ ਅਤੇ ਹੋਰ ਸੁਵਿਧਾਵਾਂ ਬਾਰੇ ਜਾਗਰੂਕ ਕੀਤਾ।ਜ਼ਿਲ੍ਹਾ ਸਮੂਹ ਸਿੱਖਿਆ ਤੇ ਸੂਚਨਾ ਅਫਸਰ ਦਲਜੀਤ ਸਿੰਘ ਨੇ ਕਿਹਾ ਕਿ ਸਿਵਲ ਸਰਜਨ ਸ਼ਹੀਦ ਭਗਤ ਸਿੰਘ ਨਗਰ ਦੀ ਰਹਿਨੁਮਾਈ ਤਹਿਤ ਸਾਰੇ ਜ਼ਿਲ੍ਹੇ ਦੇ ਸਮੂਹ ਬਲਾਕਾਂ ਵਿਚ ਪੀ ਸੀ ਪੀ ਐਨ ਡੀ ਟੀ ਐਕਟ ਤਹਿਤ ਆਮ ਲੋਕਾਂ ਨੂੰ ਜਾਗਰੂਕ ਕਰਕੇ ਉਨ੍ਹਾਂ ਦੀ ਮਾਨਸਿਕਤਾ ਨੂੰ ਬਦਲਿਆ ਜਾ ਰਿਹਾ ਹੈ ।ਇਸ ਮੌਕੇ ਡਿਪਟੀ ਸਮੂਹ ਸਿੱਖਿਆ ਤੇ ਸੂਚਨਾ ਅਫ਼ਸਰ ਤਰਸੇਮ ਲਾਲ ਨੇ ਦੱਸਿਆ ਕਿ 'ਬੇਟੀ ਬਚਾਓ, ਬੇਟੀ ਪੜ੍ਹਾਓ' ਸਕੀਮ ਦੇ 10 ਸਾਲ ਪੂਰੇ ਹੋਣ ਦੇ ਜਸ਼ਨਾਂ ਦੇ ਤੌਰ 'ਤੇ ਵਿਸ਼ੇਸ਼ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ। ਉਨ੍ਹਾਂ ਸਮਾਜ ਨੂੰ ਭਰੂਣ ਹੱਤਿਆ ਰੋਕਣ ਤੇ ਲੜਕੀਆਂ ਨੂੰ ਲੜਕਿਆਂ ਦੇ ਬਰਾਬਰ ਸਮਝਣ ਦਾ ਸੱਦਾ ਦਿੰਦਿਆਂ ਪ੍ਰਤੀਭਾਗੀਆਂ ਨੂੰ ਭਰੂਣ ਹੱਤਿਆ, ਬਾਲ ਵਿਆਹ ਤੇ ਘਰੇਲੂ ਹਿੰਸਾ ਆਦਿ ਬਾਰੇ ਜਾਗਰੂਕ ਕੀਤਾ ।ਇਸ ਮੌਕੇ ਹੈਲਥ ਇੰਸਪੈਕਟਰ ਰਾਜ ਕੁਮਾਰ ਹੰਸ, ਐਲ ਐਚ ਵੀ ਕਮਲੇਸ਼ਵਤੀ ਅਤੇ ਮੈਡਮ ਰਵਿਤਾ ਢਿੱਲੋਂ ਨੇ ਕਿਹਾ ਕਿ ਸਾਨੂੰ ਸਮਾਜ ਅੰਦਰ ਫੈਲੀਆਂ ਭਰੂਣ ਹੱਤਿਆ ਵਰਗੀਆਂ ਕੁਰੀਤੀਆਂ ਮਿਟਾਉਣ ਅਤੇ ਲੜਕੀਆਂ ਦੀ ਪੜ੍ਹਾਈ 'ਤੇ ਜ਼ੋਰ ਦੇਣਾ ਚਾਹੀਦਾ ਹੈ।

ਨਾਇਬ ਸੈਣੀ ਨੇ ਗੁਰੂ ਰਵਿਦਾਸ ਨੂੰ ਕੀਤੀ ਸ਼ਰਧਾਂਜਲੀ ਭੇਟ

ਚੰਡੀਗੜ੍ਹ (ਕ੍ਰਿਸ਼ਨ ਗਰਗ)- ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਨਵੀਂ ਦਿੱਲੀ ਵਿਚ ਸੰਤ ਸ਼੍ਰੋਮਣੀ ਗੁਰੂ ਰਵੀਦਾਸ ਦੀ ਜੈਯੰਤੀ ਦੇ ਮੌਕੇ 'ਤੇ ਉਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ। ਮੁੱਖ ਮੰਤਰੀ ਨੇ ਨਵੀਂ ਦਿੱਲੀ ਸਥਿਤ ਹਰਿਆਣਾ ਭਵਨ ਵਿਚ ਸੰਤ ਰਵੀਦਾਸ ਦੀ ਫੋਟੋ 'ਤੇ ਫੁੱਲ ਵੀ ਸਪਰਪਿਤ ਕੀਤੇ।ਮੁੱਖ ਮੰਤਰੀ ਨੇ ਸੂਬਾ ਵਾਸੀਆਂ ਨੂੰ ਸੰਤ ਰਵੀਦਾਸ ਦੀ ਜੈਯੰਤੀ ਦੀ ਸ਼ੁਭਕਾਮਨਾਵਾਂ ਦਿੰਦੇ ਹੋਏ ਦਸਿਆ ਕਿ ਸੰਤ ਸ਼੍ਰੋਮਣੀ ਗੁਰੂ ਰਵੀਦਾਸ ਨੇ ਏਕਤਾ, ਮਨੁੱਖਤਾ ਅਤੇ ਭਾਈਚਾਰੇ ਦਾ ਜੋ ਸੰਦੇਸ਼ ਦਿੱਤਾ ਸੀ, ਉਹ ਅੱਜ ਵੀ ਢੁਕਵੀਂ ਹੈ। ਉਨ੍ਹਾਂ ਕਿਹਾ ਕਿ ਅਸੀਂ ਸੰਤਾਂ, ਮਹਾਪੁਰਖਾਂ ਦੇ ਦੱਸਦੇ ਰਸਤੇ 'ਤੇ ਚਲਦੇ ਹੋਏ ਹਮੇਸ਼ਾ ਸਮਾਜ ਭਲਾਈ ਦੇ ਕੰਮ ਕਰਨੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਨੇ ਹਰਿਆਣਾ ਵਿਚ ਸੰਤ-ਮਹਾਪੁਰਖ ਸਨਮਾਨ ਤੇ ਵਿਚਾਰ ਪ੍ਰਚਾਰ-ਪ੍ਰਸਾਰ ਯੋਜਨਾ ਸ਼ੁਰੂ ਕੀਤੀ ਹੋਈ ਹੈ, ਜਿਸ ਦੇ ਤਹਿਤ ਸੰਤਾਂ, ਮਹਾਪੁਰਖਾਂ ਦੀ ਜੈਯੰਤੀਆਂ ਤੇ ਸ਼ਤਾਬਦੀਆਂ ਸਰਕਾਰੀ ਤਰਜ 'ਤੇ ਮਨਾਉਣ ਦੀ ਪਹਿਲ ਕੀਤੀ ਹੈ। ਇਸ ਕੜੀ ਵਿਚ ਸੰਤ ਸ਼੍ਰੋਮਣੀ ਗੁਰੂ ਰਵੀਦਾਸ ਦੀ ਜੈਯੰਤੀ, ਬਾਬਾ ਸਾਹਿਬ ਡਾ. ਭੀਮਰਾਓ ਅੰਬੇਡਕਰ ਜੈਯੰਤੀ, ਸੰਤ ਕਬੀਰਦਾਸ ਜੈਯੰਤੀ, ਭਗਵਾਨ ਵਾਲਮਿਕੀ ਜੈਯੰਤੀ ਆਦਿ ਜੈਯੰਤੀਆਂ ਤੇ ਸ਼ਤਾਬਦੀਆਂ ਸੂਬੇ ਪੱਧਰ 'ਤੇ ਮਨਾਈ ਗਈ ਹੈ।ਉਨ੍ਹਾਂ ਦਸਿਆ ਕਿ ਸੰਤ ਰਵੀਦਾਸ ਦੀ ਇਕ ਯਾਦਗਾਰ ਕੁਰੂਕਸ਼ੇਤਰ ਵਿਚ ਬਣਾਈ ਜਾ ਰਹੀ ਹੈ।ਇਸ ਮੌਕੇ 'ਤੇ ਕੇਂਦਰੀ ਮੰਤਰੀ ਰਾਓ ਇੰਦਰਜੀਤ ਸਿੰਘ, ਕ੍ਰਿਸ਼ਣ ਪਾਲ ਗੁੱਜਰ, ਹਰਿਆਣਾ ਦੇ ਮਾਲ, ਸਥਾਨਕ ਸਰਕਾਰ ਮੰਤਰੀ ਵਿਪੁਲ ਗੋਇਲ, ਖੁਰਾਕ ਤੇ ਸਪਲਾਈ ਰਾਜ ਮੰਤਰੀ ਰਾਜੇਸ਼ ਨਾਗਰ ਸਮੇਤ ਮੰਨੇ-ਪ੍ਰਮੰਨੇ ਵਿਅਕਤੀ ਹਾਜਰ ਸਨ।

ਕੋਰਟ ਕੰਪਲੈਕਸ ਵਿਖੇ ਗੁਰੂ ਰਵਿਦਾਸ ਦਾ ਪ੍ਰਕਾਸ਼ ਪੁਰਬ ਮਨਾਇਆ

ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ) ਕੋਰਟ ਕੰਪਲੈਕਸ ਸ਼ਹੀਦ ਭਗਤ ਸਿੰਘ ਨਗਰ ਵਿਖੇ ਅੱਜ ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਉਤਸਵ ਲੱਡੂ ਵੰਡ ਕੇ ਸ਼ਰਧਾਪੂਰਵਕ ਮਨਾਇਆ ਗਿਆ।ਬਾਰ ਐਸੋਸ਼ੇਸ਼ਨ ਪ੍ਰਧਾਨ ਐਡਵੋਕੇਟ ਐਸ ਐਸ ਝਿੱਕਾ ਦੀ ਅਗਵਾਈ ਵਿੱਚ ਵਕੀਲਾਂ/ ਵਰਕਰਾਂ ਨੇ ਵੀ ਸ਼ਮੂਲੀਅਤ ਕੀਤੀ।ਐਸ ਐਸ ਝਿੱਕਾ ਨੇ ਕਿਹਾ ਕਿ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਮਹਾਨ ਜੀਵਨ, ਉਨ੍ਹਾਂ ਦੀ ਬਾਣੀ ਅਤੇ ਮਹਾਨ ਸਿੱਖਿਆਵਾਂ ਇੱਕ ਪਾਸੇ ਜਿੱਥੇ ਸਾਨੂੰ ਸਭ ਨੂੰ ਆਪਣੇ ਧਰਮ ਦੀ ਪਾਲਣਾ ਕਰਦਿਆਂ ਸਨਮਾਨਜਨਕ ਜੀਵਨ ਜਿਊਣ ਦੀ ਪ੍ਰੇਰਨਾ ਦਿੰਦੀਆਂ ਹਨ, ਉੱਥੇ ਹੀ ਦੂਜੇ ਪਾਸੇ ਇਹ ਸਮੁੱਚੀ ਮਾਨਵਤਾ ਨੂੰ ਬਰਾਬਰਤਾ ਦਾ ਹੱਕ ਦੇ ਕੇ ਅਨਿਆਂ ਅਤੇ ਜ਼ੁਲਮ ਵਿਰੁੱਧ ਡਟਣ ਦਾ ਸੁਨੇਹਾ ਵੀ ਦਿੰਦੀਆਂ ਹਨ।ਭਾਜਪਾ ਸਹਿ ਹਲਕਾ ਇੰਚਾਰਜ ਵਿਸ਼ਾਲ ਸ਼ਰਮਾ ਐਡਵੋਕੇਟ ਕਿਹਾ ਕਿ ਅੱਜ ਬਹੁਤ ਸਾਰੀਆਂ ਤਾਕਤਾਂ ਭਾਰਤ ਅਤੇ ਪੰਜਾਬ ਦੇ ਸ਼ਾਂਤਮਈ ਮਾਹੌਲ ਅਤੇ ਭਾਈਚਾਰਕ ਸਾਂਝ ਨੂੰ ਅੱਗ ਲਾਉਣ ਦੀ ਕੋਸ਼ਿਸ਼ ਕਰ ਰਹੀਆਂ ਹਨ। ਪਰ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਫ਼ਲਸਫੇ ਨੂੰ ਮੰਨਦੇ ਹੋਏ ਸਾਨੂੰ ਸਾਰਿਆਂ ਨੂੰ ਇਕਜੁੱਟ ਹੋਣ ਦੀ ਲੋੜ ਹੈ।ਪ੍ਰਧਾਨ ਐਡਵੋਕੇਟ ਐਸ ਐਸ ਝਿੱਕਾ ਤੇ ਐਡਵੋਕੇਟ ਵਿਸ਼ਾਲ ਸ਼ਰਮਾ ਨੇ ਕਿਹਾ ਕਿ ਸਿੱਖ ਕੌਮ ਦੀ ਖੂਬਸੂਰਤੀ ਇਹ ਹੈ ਕਿ ਇਸ ਵਿਚ ਵੱਖ-ਵੱਖ ਵਰਗਾਂ ਦਾ

ਮਾਣ ਤਾਣ ਹੈ। ਗੁਰੂ ਸਾਹਿਬਾਨ ਨੇ ਸਿੱਖਾਂ ਨੂੰ ਜਾਤ ਪਾਤ ਤੋਂ ਉੱਪਰ ਚੁੱਕਦਿਆਂ ਭਾਈਚਾਰਕ ਸਾਂਝ ਮਜ਼ਬੂਤ ਕਰਨ ਲਈ ਸਾਂਝੀਵਾਲਤਾ ਦਾ ਉਪਦੇਸ਼ ਦ੍ਰਿੜ ਕਰਵਾਇਆ। ਜਾਤੀ ਵਿਤਕਰੇ ਨੂੰ ਸਿੱਖ ਜਗਤ ਅੰਦਰ ਕੋਈ ਥਾਂ ਨਹੀਂ ਹੈ ਅਤੇ ਹਰ ਸਿੱਖ ਦਾ ਫ਼ਰਜ਼ ਹੈ ਕਿ ਗੁਰੂ ਸਾਹਿਬਾਨ ਵੱਲੋਂ ਦਰਸਾਏ ਰਸਤੇ 'ਤੇ ਚਲੱਦਿਆਂ ਭਰਾਤਰੀ ਭਾਵ ਨੂੰ ਹੋਰ ਮਜ਼ਬੂਤ ਕੀਤਾ ਜਾਵੇ।ਇਸ ਮੌਕੇ ਐਡਵੋਕੇਟ ਵਿਕਰਮ ਸ਼ਰਮਾ, ਧੀਰਜ ਸਹਿਜਪਾਲ, ਕ੍ਰਿਸ਼ਨ ਚੰਦਰ ਭੁੱਟਾ, ਅਮੁਲ ਸੋਨੀ ਤੇ ਪਰਮਿੰਦਰ ਐਡਵੋਕੇਟ ਹਾਜ਼ਰ ਸਨ।

ਇਨੋਸੈਂਟ ਹਾਰਟਸ ਦੇ ਵਿਦਿਆਰਥੀ ਜੇ ਈ ਈ ਮੇਨਜ਼-1'ਚ ਚਮਕੇ

ਜਲੰਧਰ (ਸੈਲੀ ਐਲਬਰਟ)- ਇੰਨੋਸੈਂਟ ਹਾਰਟਸ, ਗ੍ਰੀਨ ਮਾਡਲ ਟਾਊਨ ਦੇ ਵਿਦਿਆਰਥੀਆਂ ਨੇ ਜਨਵਰੀ 2025 ਵਿੱਚ ਨੈਸ਼ਨਲ ਟੈਸਟਿੰਗ ਏਜੰਸੀ ਦੁਆਰਾ ਕਰਵਾਈ ਗਈ ਜੇ ਈ ਈ ਮੇਨਜ਼-1 ਪ੍ਰੀਖਿਆ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ।ਇਸ ਪ੍ਰੀਖਿਆ ਵਿੱਚ ਏਕਮਬੀਰ ਨੇ 99.8 ਐਨ ਟੀ ਏ ਸਕੋਰ ਅਤੇ ਅਰਪਿਤ ਗੁਪਤਾ ਨੇ 99.38 ਸਕੋਰ ਪ੍ਰਾਪਤ ਕਰਕੇ ਸਕੂਲ ਦਾ ਮਾਣ ਵਧਾਇਆ। ਜਦਕਿ ਜਯੰਤ ਗੁਪਤਾ ਨੇ 98.48, ਸੂਰਯਾਂਸ਼ ਬਖਸ਼ੀ ਨੇ 98.11 ਐਨਟੀਏ ਸਕੋਰ, ਅਜੀਤੇਸ਼ ਨੇ 96.9, ਰਿਯਾਂਸ਼ ਅਗਰਵਾਲ ਨੇ 90.01 ਅਤੇ ਯਕਸ਼ ਅਰੋੜਾ ਨੇ 89.9 ਐਨ ਟੀ ਏ ਪ੍ਰਾਪਤ ਕੀਤੇ।ਇਸ ਮੌਕੇ ਇੰਨੋਸੈਂਟ ਹਾਰਟਸ ਦੇ ਚੇਅਰਮੈਨ ਡਾ. ਅਨੂਪ ਬੌਰੀ ਨੇ ਵਿਦਿਆਰਥੀਆਂ ਅਤੇ ਸਟਾਫ਼ ਮੈਂਬਰਾਂ ਨੂੰ ਇਸ ਸ਼ਾਨਦਾਰ ਸਫ਼ਲਤਾ 'ਤੇ ਵਧਾਈ ਦਿੱਤੀ । ਪ੍ਰਿੰਸੀਪਲ ਰਾਜੀਵ ਪਾਲੀਵਾਲ ਨੇ ਵਿਦਿਆਰਥੀਆਂ ਦੇ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਦੇ ਉੱਜਵਲ ਭਵਿੱਖ ਲਈ ਸ਼ੁਭ ਕਾਮਨਾਵਾਂ ਦਿੱਤੀਆਂ ।

ਬਾਬਾ ਜਵਾਹਰ ਸਿੰਘ ਤੇ ਮਹੰਤ ਬਾਬਾ ਤਾਰਾ ਸਿੰਘ ਦੀ ਯਾਦ 'ਚ ਸਮਾਗਮ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)— ਮਹੰਤ ਬਾਬਾ ਜਵਾਹਰ ਸਿੰਘ ਖੁੰਡੇ ਵਾਲਿਆਂ ਦੀ 67ਵੀਂ ਅਤੇ ਮਹੰਤ ਬਾਬਾ ਤਾਰਾ ਸਿੰਘ ਸੇਵਾ ਪੰਥੀ ਦੀ 27ਵੀਂ ਸਾਲਾਨਾ ਯਾਦ ਵਿੱਚ ਗੁਰਮਤਿ ਕੀਰਤਨ ਸਮਾਗਮ ਗੁਰਦੁਆਰਾ ਹਰੀ ਭਗਤ ਪੁਰਾ ਮਿਠਾ ਟਿਵਾਣਾ ਮਾਡਲ ਟਾਊਨ ਹੁਸ਼ਿਆਰਪੁਰ ਵਿਖੇ ਕਰਵਾਇਆ ਗਿਆ । ਸੰਤ ਅਜੀਤ ਸਿੰਘ ਸੇਵਾਪੰਥੀ ਨੇ ਦੱਸਿਆ ਕਿ ਡੇਰਾ ਮੁਖੀ ਮਹੰਤ ਬਾਬਾ ਪ੍ਰਿਤਪਾਲ ਸਿੰਘ ਸੇਵਾ ਪੰਥੀ ਦੀ ਅਗਵਾਈ ਹੇਠ ਤਿੰਨ ਦਿਨ ਰੋਜਾਨਾ ਸ਼ਾਮ 6 ਵਜੇ ਤੋਂ ਰਾਤ 9:30 ਵਜੇ ਤੱਕ ਕਰਵਾਏ ਗਏ। ਇਹਨਾਂ ਸਮਾਗਮਾਂ ਵਿੱਚ ਪੰਥ ਪ੍ਰਸਿੱਧ ਕੀਰਤਨੀਏ ਪਦਮਸ਼੍ਰੀ ਭਾਈ ਹਰਜਿੰਦਰ ਸਿੰਘ ਸ੍ਰੀਨਗਰ, ਭਾਈ ਕੁਲਦੀਪ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਭਾਈ ਰਵਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਭਾਈ ਸਿਮਰਪ੍ਰੀਤ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਭਾਈ ਤਰਨਦੀਪ ਸਿੰਘ ਮਿੱਠਾ ਟਿਵਾਣਾ,ਭਾਈ ਕੁਲਦੀਪ ਸਿੰਘ ਮਿੱਠਾ ਟਿਵਾਣਾ ਤੇ ਮਿੱਠਾ ਟਿਵਾਣਾ ਕੀਰਤਨ ਕੌਂਸਲ ਦੇ ਜਥਿਆਂ ਵੱਲੋਂ ਧੁਰ ਕੀ ਬਾਣੀ ਦਾ ਰਸਭਿੰਨਾ ਕੀਰਤਨ ਕੀਤਾ ਗਿਆ। ਇਸ ਮੌਕੇ ਡੇਰਾ ਮੁਖੀ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

ਪੁਲਸ ਨੇ 24 ਘੰਟਿਆਂ 'ਚ ਜਾਅਲੀ ਡਕੈਤੀ ਦਾ ਮਾਮਲਾ ਸੁਲਝਾਇਆ

ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)— ਇੱਕ ਵੱਡੀ ਸਫਲਤਾ ਹਾਸਲ ਕਰਦਿਆਂ ਜਲੰਧਰ ਦਿਹਾਤੀ ਪੁਲਸ ਨੇ ਇੱਕ ਡਿਲੀਵਰੀ ਏਜੰਟ ਨੂੰ ਗ੍ਰਿਫ਼ਤਾਰ ਕੀਤਾ ਹੈ, ਜਿਸਨੇ ਕੰਪਨੀ ਦੇ ਪੈਸੇ ਦੀ ਚੋਰੀ ਨੂੰ ਛੁਪਾਉਣ ਲਈ 28,000 ਰੁਪਏ ਦੀ ਲੁੱਟ ਹੋਣ ਦੀ ਝੂਠੀ ਰਿਪੋਰਟ ਦਿੱਤੀ ਸੀ। ਪੁਲਸ ਨੇ ਆਧੁਨਿਕ ਜਾਂਚ ਤਕਨੀਕਾਂ ਦੀ ਵਰਤੋਂ ਕਰਦੇ ਹੋਏ 24 ਘੰਟਿਆਂ ਦੇ ਅੰਦਰ ਕੇਸ ਨੂੰ ਹੱਲ ਕਰ ਲਿਆ ਹੈ।ਐਸ.ਐਸ.ਪੀ. ਜਲੰਧਰ ਦਿਹਾਤੀ ਹਰਕਮਲਪ੍ਰੀਤ ਸਿੰਘ ਖੱਖ ਨੇ ਕਿਹਾ ਕਿ ਇਹ ਮਾਮਲਾ ਐੱਸ ਪੀ ਇਨਵੈਸਟੀਗੇਸ਼ਨ ਜਸਰੂਪ ਕੌਰ ਬਾਠ ਅਤੇ ਡੀ ਐਸ ਪੀ ਸ਼ਾਹਕੋਟ ਓਂਕਾਰ ਸਿੰਘ ਬਰਾੜ ਦੀ ਅਗਵਾਈ ਹੇਠ ਹੱਲ ਕੀਤਾ ਗਿਆ ਹੈ।ਇੰਸਪੈਕਟਰ ਬਲਵਿੰਦਰ ਸਿੰਘ ਭੁੱਲਰ, ਐੱਸ ਐੱਚ ਓ ਸ਼ਾਹਕੋਟ ਨੇ ਜਾਂਚ ਟੀਮ ਦੀ ਅਗਵਾਈ ਕੀਤੀ, ਜਿਸ ਨੇ ਜਲਦੀ ਹੀ ਸੱਚਾਈ ਦਾ ਪਰਦਾਫਾਸ਼ ਕੀਤਾ।ਪੁਲਸ ਨੇ ਰੂਪੇਵਾਲ ਪਿੰਡ ਦੇ ਤਰਸੇਮ ਲਾਲ ਦੇ ਪੁੱਤਰ ਲਾਵਨੀਸ਼ ਕੁਮਾਰ ਉਰਫ਼ ਦੀਪੂ ਨੂੰ ਗ੍ਰਿਫ਼ਤਾਰ ਕੀਤਾ ਹੈ।ਕੁਮਾਰ ਪਿਛਲੇ ਡੇਢ ਮਹੀਨੇ ਤੋਂ ਸੁਖਜੀਤ ਹਸਪਤਾਲ ਨਕੋਦਰ ਨੇੜੇ ਇੱਕ ਕੰਪਨੀ ਵਿੱਚ ਡਿਲੀਵਰੀ ਏਜੰਟ ਵਜੋਂ ਕੰਮ ਕਰਦਾ ਸੀ, ਜਿਸ ਨਾਲ ਉਹ 10,000 ਰੁਪਏ ਪ੍ਰਤੀ ਮਹੀਨਾ ਕਮਾ ਰਿਹਾ ਸੀ।ਉਸ ਨੇ ਇੱਕ ਝੂਠੀ ਪੁਲਸ ਸ਼ਿਕਾਇਤ ਦਰਜ ਕਰਵਾਈ ਸੀ, ਜਿਸ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਇੱਕ ਸਵਿੱਫਟ ਕਾਰ ਵਿੱਚ ਸਵਾਰ ਤਿੰਨ ਵਿਅਕਤੀਆਂ ਨੇ ਉਸਨੂੰ ਐੱਸ ਡੀ ਐੱਮ ਕੋਟ ਸ਼ਾਹਕੋਟ ਫਲਾਈ ਓਵਰ ਦੇ ਨੇੜੇ ਲੁੱਟ ਲਿਆ ਸੀ।ਐੱਸ ਐੱਸ ਪੀ ਖੱਖ ਨੇ ਦੱਸਿਆ ਕਿ ਜਾਂਚ ਦੌਰਾਨ, ਪੁਲਸ ਨੇ ਪਾਇਆ ਕਿ ਕੁਮਾਰ ਨੇ ਕੰਪਨੀ ਦੇ ਪੈਸੇ ਚੋਰੀ ਕਰਨ ਲਈ ਡਕੈਤੀ ਦੀ ਕਹਾਣੀ ਬਣਾਈ ਸੀ।ਉਸ 'ਤੇ ਕ੍ਰੈਡਿਟ ਬੀ ਕੰਪਨੀ ਤੋਂ ਕਰਜ਼ਾ ਚੁਕਾਉਣ ਅਤੇ ਹੋਰ ਨਿੱਜੀ ਖਰਚੇ ਕਰਨ ਦਾ ਦਬਾਅ ਸੀ।ਉਨ੍ਹਾਂ ਦੱਸਿਆ ਕਿ ਜਾਂਚ ਤੋਂ ਪਤਾ ਲੱਗਾ ਕਿ ਉਸ ਦਿਨ ਕੋਈ ਡਕੈਤੀ ਨਹੀਂ ਹੋਈ।ਕੁਮਾਰ ਨੇ ਕੰਪਨੀ ਦੇ ਪੈਸੇ ਆਪਣੇ ਕੋਲ ਰੱਖਣ ਲਈ ਕਹਾਣੀ ਘੜੀ ਸੀ।ਪੁਲਸ ਟੀਮ ਨੇ ਕੁਮਾਰ ਦੇ ਕਬਜ਼ੇ ਵਿੱਚੋਂ 10,000 ਰੁਪਏ ਅਤੇ ਇੱਕ ਬਾਈਕ ਬਰਾਮਦ ਕੀਤੀ ਹੈ।ਪੁਲਸ ਨੇ ਥਾਣਾ ਸ਼ਾਹਕੋਟ ਵਿਖੇ ਧਾਰਾ 304 (3) ਅਤੇ 5 ਬੀਐਨਐਸ ਤਹਿਤ ਮਾਮਲਾ ਦਰਜ ਕੀਤਾ ਹੈ। ਉਨ੍ਹਾਂ ਨੇ ਸਬੂਤ ਵਜੋਂ ਕੁਮਾਰ ਦਾ ਮੋਟਰਸਾਈਕਲ ਵੀ ਜ਼ਬਤ ਕਰ ਲਿਆ ਹੈ।

ਸ਼ਹੀਦ ਬਾਬਾ ਦੀਪ ਸਿੰਘ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਮੈਡੀਕਲ ਕੈਂਪ

ਮੋਹਟੀਆਣਾ (ਜਗਤਾਰ ਸਿੰਘ ਭੁੰਗਰਨੀ) ਪਿੰਡ ਗੋਪਾਲੀਆਂ ਵਿਖੇ ਬਾਬਾ ਜੋਹ ਜੀ ਦੇ ਅਸਥਾਨ 'ਤੇ ਸਮੂਹ ਨਗਰ ਨਿਵਾਸੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਅਮਰ ਸ਼ਹੀਦ ਸ਼ਹੀਦ ਬਾਬਾ ਦੀਪ ਸਿੰਘ ਦੇ ਪ੍ਰਕਾਸ਼ ਦਿਹਾੜੇ ਮੌਕੇ ਮੁਫਤ ਮੈਡੀਕਲ ਕੈਂਪ ਲਗਾਇਆ ਗਿਆ।ਕੈਂਪ ਦਾ ਉਦਘਾਟਨ ਜਥੇਦਾਰ ਕੁਲਵਰਨ ਸਿੰਘ ਗੋਪਾਲੀਆ ਤੇ ਜਥੇਦਾਰ ਹਰਵਿੰਦਰ

13-Feb- PAGE 9.qxd 2/13/2025 11:30 PM Page 1

ਸਰਕਾਰੀ ਫਾਰਮਾਂ ਤੋਂ 14 ਕਰੋੜ ਤੋਂ ਵੱਧ ਮੱਛੀ ਪ੍ਰੂੰਗ ਦਾ ਹੋ ਰਿਹੈ ਉਤਪਾਦਨ : ਖੁੱਡੀਆਂ

ਚੰਡੀਗੜ੍ਹ (ਗੁਰਜੀਤ ਬਿੱਲਾ)

ਪੰਜਾਬ ਦੇ ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਸੂਬੇ ਵਿੱਚ ਮੱਛੀ ਉਤਪਾਦਨ ਅਤੇ ਐਕੁਆਕਲਚਰ ਦੇ ਵਿਕਾਸ ਲਈ ਕੀਤੇ ਗਏ ਵੱਖ-ਵੱਖ ਉਪਾਵਾਂ ਸਦਕਾ ਪੰਜਾਬ ਵਿੱਚ ਮੱਛੀ ਪਾਲਣ ਦੇ ਖੇਤਰ ਵਿੱਚ ਜ਼ਿਕਰਯੋਗ ਵਾਧਾ ਹੋਇਆ ਹੈ। ਉਨ੍ਹਾਂ ਦੱਸਿਆ ਕਿ ਸੂਬਾ ਸਰਕਾਰ ਦੇ ਮੱਛੀ ਪ੍ਰੂੰਗ ਫਾਰਮਾਂ ਤੋਂ ਸਾਲਾਨਾ 14 ਕਰੋੜ ਤੋਂ ਵੱਧ ਉੱਚ ਗੁਣਵੱਤਾ ਵਾਲੇ ਮੱਛੀ ਪ੍ਰੂੰਗ ਪੈਦਾ ਕੀਤੇ ਜਾ ਰਹੇ ਹਨ। ਇਹ ਪ੍ਰੂੰਗ ਕਿਸਾਨਾਂ ਨੂੰ ਸਬਸਿਡੀ 'ਤੇ ਪ੍ਰਦਾਨ ਕੀਤੇ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਮੱਛੀ ਪਾਲਕਾਂ ਦੀ ਸਹੂਲਤ ਲਈ ਸੂਬੇ ਵਿੱਚ 16 ਸਰਕਾਰੀ ਮੱਛੀ ਪ੍ਰੂੰਗ ਫਾਰਮ, 11 ਮੱਛੀ ਫੀਡ ਮਿੱਲਾਂ ਅਤੇ 7 ਲੈਬਾਂ ਉਪਲੱਬਧ ਹਨ। ਸਰਕਾਰੀ ਫਾਰਮਾਂ ਤੋਂ ਦਸੰਬਰ 2024 ਤੱਕ 14.74 ਕਰੋੜ ਮੱਛੀ ਪ੍ਰੂੰਗ ਪੈਦਾ ਕੀਤਾ ਗਿਆ, ਜੋ ਕਿ ਸਾਲ 2023 ਵਿੱਚ 13.90 ਕਰੋੜ ਸੀ। ਉਨ੍ਹਾਂ ਦੱਸਿਆ ਕਿ ਸੂਬੇ ਵਿੱਚ ਮੱਛੀ ਪਾਲਣ ਅਧੀਨ 43,973 ਏਕੜ ਰਕਬਾ ਹੈ ਅਤੇ ਕੁਦਰਤੀ ਪਾਣੀ ਸ੍ਰੋਤਾਂ, ਨਿੱਜੀ ਅਤੇ ਪੰਚਾਇਤੀ ਤਲਾਬਾਂ ਤੋਂ 1,81,188 ਟਨ ਮੱਛੀ ਦਾ ਉਤਪਾਦਨ ਕੀਤਾ ਜਾ ਰਿਹਾ ਹੈ।ਮੱਛੀ ਪਾਲਣ ਮੰਤਰੀ ਨੇ ਦੱਸਿਆ ਕਿ ਸੂਬੇ ਦੇ ਨੌਜਵਾਨਾਂ ਅਤੇ ਔਰਤਾਂ ਨੂੰ ਮੱਛੀ ਪਾਲਣ ਦਾ ਕਿੱਤਾ ਅਪਣਾਉਣ ਲਈ ਉਤਸ਼ਾਹਿਤ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਨੂੰ ਵੱਖ-ਵੱਖ ਪ੍ਰਾਜੈਕਟਾਂ ਨੂੰ ਅਪਣਾਉਣ ਲਈ ਯੂਨਿਟ ਸਥਾਪਤ ਕਰਨ ਦੀ ਲਾਗਤ ਦੇ 40 ਫੀਸਦ ਤੋਂ 60 ਫੀਸਦ ਤੱਕ ਦੀ ਵਿੱਤੀ ਸਹਾਇਤਾ ਦਿੱਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਪਿਛਲੇ ਸਾਲ ਵੱਖ-ਵੱਖ ਪ੍ਰਾਜੈਕਟਾਂ ਤਹਿਤ 500 ਤੋਂ ਵੱਧ ਲਾਭਪਾਤਰੀਆਂ ਨੂੰ ਲਗਭਗ 27 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਗਈ ਹੈ, ਜਿਨ੍ਹਾਂ ਵਿੱਚ ਮੱਛੀ ਅਤੇ ਝੀਂਗਾ ਪਾਲਣ ਅਧੀਨ ਨਵੇਂ ਖੇਤਰ, ਰੀਸਰਕੁਲੇਟਰੀ ਐਕੁਆਕਲਚਰ ਸਿਸਟਮ (ਆਰ.ਏ.ਐਸ.) ਦੀ ਸਥਾਪਨਾ, ਬਾਇਓਫਲੋਕ ਕਲਚਰ ਸਿਸਟਮ, ਮੱਛੀ ਅਤੇ ਇਸਦੇ ਉਤਪਾਦਾਂ ਦੀ ਢੋਆ-ਢੁਆਈ ਲਈ ਵਾਹਨਾਂ ਦੀ ਖਰੀਦ, ਮੱਛੀ ਫੀਡ ਮਿੱਲ, ਮੱਛੀ ਕਿਓਸਕ ਆਦਿ ਸ਼ਾਮਲ ਹਨ। ਖੁੱਡੀਆਂ ਨੇ ਦੱਸਿਆ ਕਿ ਮੱਛੀ ਅਤੇ ਝੀਂਗਾ ਪਾਲਣ ਸਬੰਧੀ ਮੁੱਢਲੀ ਸਿਖਲਾਈ ਹਰ ਮਹੀਨੇ ਮੁਫ਼ਤ ਪ੍ਰਦਾਨ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਮੱਛੀਆਂ ਲਈ ਤਲਾਬ ਤਿਆਰ ਕਰਨ, ਪ੍ਰੂੰਗ ਦੇ ਭੰਡਾਰਨ, ਮੱਛੀ ਪਾਲਣ ਅਤੇ ਤਿਆਰ ਮੱਛੀ ਪ੍ਰਾਪਤ ਕਰਨ ਲਈ ਤਕਨੀਕੀ ਸਹਾਇਤਾ ਵੀ ਪ੍ਰਦਾਨ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਸੂਬੇ ਦੇ 6 ਮੱਛੀ ਅਤੇ ਝੀਂਗਾ ਪਾਲਕਾਂ ਨੂੰ ਮੱਛੀ ਪਾਲਣ ਵਿਭਾਗ (ਭਾਰਤ ਸਰਕਾਰ) ਵੱਲੋਂ ਨਵੀਂ ਦਿੱਲੀ ਵਿਖੇ 76ਵੇਂ ਗਣਤੰਤਰ ਦਿਵਸ ਮੌਕੇ ਸਨਮਾਨਿਤ ਵੀ ਕੀਤਾ ਗਿਆ ਹੈ।

ਕੁਤਬੀਵਾਲ ਦੇ ਨੌਜਵਾਨ ਦਾ ਗੁਆਂਢੀ ਤੇ ਦੋਸਤਾਂ ਵੱਲੋਂ ਕਤਲ

ਸੁਲਤਾਨਪੁਰ ਲੋਧੀ, (ਬਲਵਿੰਦਰ ਸਿੰਘ ਧਾਲੀਵਾਲ) ਲੋਹੀਆਂ ਬਲਾਕ ਦੇ ਪਿੰਡ ਕੁਤਬੀਵਾਲ ਦੇ ਇੱਕ ਨੌਜਵਾਨ ਦਾ ਸਾਥੀ ਦੋਸਤਾਂ ਵੱਲੋਂ ਕਤਲ ਕੀਤੇ ਜਾਣ ਦਾ ਸਨਸਨੀਖੇਜ਼ ਮਾਮਲਾ ਸਾਹਮਣੇ ਆਇਆ ਹੈ। ਥਾਣਾ ਸੁਲਤਾਨਪੁਰ ਲੋਧੀ ਵਿਖੇ ਦਰਜ ਹੋਏ ਇਸ ਮਾਮਲੇ ਸਬੰਧੀ ਮ੍ਰਿਤਕ ਦੇ ਭਰਾ ਹਰਵਿੰਦਰ ਸਿੰਘ ਪੁੱਤਰ ਬਲਵੀਰ ਸਿੰਘ ਵਾਸੀ ਕੁਤਬੀਵਾਲ ਨੇ ਦੱਸਿਆ ਕਿ ਉਸ ਦੇ ਭਰਾ ਜਸਵਿੰਦਰ ਸਿੰਘ (29) ਜੋ ਸ਼ਾਦੀ ਸ਼ੁਦਾ ਹੈ ਨੂੰ ਉਨ੍ਹਾਂ ਦਾ ਹੀ ਇੱਕ ਗੁਆਂਢੀ ਆਪਣੇ ਹੋਰ ਸਾਥੀਆਂ ਨਾਲ ਲੰਘੀ ਰਾਤ ਕਰੀਬ 9:15 ਵਜੇ ਦੇ ਸਾਡੇ ਘਰ ਆਏ ਅਤੇ ਮੇਰੇ ਭਰਾ ਨੂੰ ਜਰੂਰੀ ਕੰਮ ਦਾ ਕਹਿਕੇ ਨਾਲ ਲੈ ਗਏ। ਉਨ੍ਹਾਂ ਦੱਸਿਆ ਕਿ ਥੋੜੀ ਦੇਰ ਬਾਅਦ ਅਸੀਂ ਫੋਨ ਲਗਾਇਆ ਤਾਂ ਮੋਬਾਇਲ ਫੋਨ ਬੰਦ ਆਇਆ। ਉਪਰੰਤ ਕਥਿਤ ਦੋਸ਼ੀਆਂ ਦਾ ਸਾਨੂੰ ਫੋਨ ਆਇਆ ਕਿ ਅਸੀਂ ਤੁਹਾਡਾ ਮੁੰਡਾ ਜਸਵਿੰਦਰ ਸਿੰਘ ਵੱਢ ਦਿੱਤਾ ਹੈ, ਉਸ ਦੀ ਲਾਸ਼ ਪਿੰਡ ਜੱਬੋਵਾਲ ਤੋਂ ਪਿੰਡ ਰਾਮੇ (ਥਾਣਾ ਸੁਲਤਾਨਪੁਰ ਲੋਧੀ) ਸੜਕ 'ਤੇ ਪਈ ਹੈ, ਆ ਕੇ ਲੈ ਜਾਓ। ਜਿਸ 'ਤੇ ਅਸੀਂ ਆਪਣੇ ਪਰਵਾਰਕ ਮੈਂਬਰਾਂ ਅਤੇ ਪੰਚਾਇਤੀ ਨੁਮਾਇੰਦਿਆਂ ਨੂੰ ਨਾਲ ਲੈ ਕੇ ਉਕਤ ਜਗ੍ਹਾ 'ਤੇ ਪੁੱਜੇ ਤਾਂ ਖੂਨ ਨਾਲ ਲੱਥ ਪੱਥ ਹੋਏ ਜਸਵਿੰਦਰ ਸਿੰਘ ਨੂੰ ਚੁੱਕ ਕੇ ਸਿਵਲ ਹਸਪਤਾਲ ਸੁਲਤਾਨਪੁਰ ਲੋਧੀ ਵਿਖੇ ਲਿਜਾਇਆ ਗਿਆ, ਜਿਥੇ ਉਸਨੇ ਜਿਆਦਾ ਖੂਨ ਵਗਣ ਕਾਰਨ ਦਮ ਤੋੜ ਦਿੱਤਾ। ਮ੍ਰਿਤਕ ਦੇ ਭਰਾ ਹਰਵਿੰਦਰ ਸਿੰਘ ਮੁਤਾਬਕ ਜਖਮੀ ਜਸਵਿੰਦਰ ਸਿੰਘ ਨੇ ਉਸ ਨੂੰ ਮਾਰਨ ਵਾਲੇ ਚਾਰੇ ਦੋਸ਼ੀਆਂ ਦੇ ਨਾਂਅ ਵੀ ਦੱਸ ਦਿੱਤੇ ਹਨ। ਇਸ ਸਬੰਧੀ ਥਾਣਾ ਸੁਲਤਾਨਪੁਰ ਲੋਧੀ ਵਿਖੇ ਮਾਮਲਾ ਦਰਜ਼ ਕਰ ਲਿਆ ਗਿਆ ਹੈ ਅਤੇ ਦੋਸ਼ੀਆਂ ਦੀ ਭਾਲ ਜਾਰੀ ਹੈ।

ਦਾਨ ਕੀਤੀਆਂ ਅੱਖਾਂ ਨੇ ਦੋ ਨੇਤਰਹੀਣਾਂ ਦੀ ਜ਼ਿੰਦਗੀ ਕੀਤੀ ਰੋਸ਼ਨ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)- ਪਿੰਡ ਬੱਸੀ ਜੌੜਾ ਨੇੜੇ ਚੱਬੇਵਾਲ ਦੇ ਵਸਨੀਕਰ ਨਿਰਮਲ ਸਿੰਘ ਦੇ ਅਕਾਲ ਚਲਾਣੇ ਉਪਰੰਤ ਉਨ੍ਹਾਂ ਦੇ ਪਰਵਾਰ ਦੇ ਮੈਂਬਰਾਂ ਵੱਲੋਂ ਸਰਬੱਤ ਦੇ ਭਲੇ ਲਈ ਉਨ੍ਹਾਂ ਦੀ ਅੱਖਾਂ ਦਾਨ ਕਰਕੇ ਦੋ ਨੇਤਰਹੀਣ ਵਿਅਕਤੀਆਂ ਦੀ ਜ਼ਿੰਦਗੀ ਨੂੰ ਕੀਤਾ ਰੋਸ਼ਨ। ਨੇਤਰਦਾਨੀ ਦੀ ਧਰਮ ਪਤਨੀ ਸ਼੍ਰੀਮਤੀ ਸ਼ੀਲਾ ਦੇਵੀ, ਸਮਾਜ ਸੇਵੀ ਕੇਵਲ ਸਿੰਘ ਹੀਰ ਸ਼ੇਰਪੁਰ ਗਲਿੰਡ , ਹਰਮੇਸ਼ ਲਾਲ, ਬਲਵਿੰਦਰ ਕੁਮਾਰ, ਸੁਰਿੰਦਰ ਪਾਲ, ਮਹਿੰਦਰ ਸਿੰਘ ਹੀਰ , ਪ੍ਰਕਾਸ਼ ਚੰਦ ਅਤੇ ਪਿੰਡ ਦੇ ਹੋਰ ਪਤਵੰਤੇ ਸੱਜਣ ਹਾਜਰ ਸਨ। ਨੇਤਰ ਦਾਨ ਐਸੋਸੀਏਸ਼ਨ ਹੁਸ਼ਿਆਰਪੁਰ ਦੇ ਸਰਪ੍ਰਸਤ ਪ੍ਰੋਫੈਸਰ ਬਹਾਦਰ ਸਿੰਘ ਸੁਨੇਤ, ਪ੍ਰਧਾਨ ਮਨਮੋਹਨ ਸਿੰਘ, ਬਲਜੀਤ ਸਿੰਘ ਪਨੇਸਰ , ਸ਼ਰੇਸ ਕਪਾਟੀਆ , ਡਾਕਟਰ ਗੁਰਬਖਸ਼ ਸਿੰਘ , ਗੁਰਪ੍ਰੀਤ ਸਿੰਘ ਅਤੇ ਸ਼੍ਰੀਮਤੀ ਸੰਤੋਸ਼ ਸੈਣੀ ਵੱਲੋਂ ਜਿੱਥੇ ਪਰਵਾਰ ਨਾਲ ਦੁੱਖ ਸਾਂਝਾ ਕੀਤਾ ਉਥੇ ਨੇਤਰਦਾਨ ਸੇਵਾ ਕਰਨ ਲਈ ਧੰਨਵਾਦ ਵੀ ਕੀਤਾ।

ਪ੍ਰੇਮ ਨਗਰ ਸੇਵਾ ਸੁਸਾਇਟੀ ਨੇ ਔਰਤਾਂ ਨੂੰ 25 ਕੰਬਲ ਵੰਡੇ

ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ) -ਪ੍ਰੇਮ ਨਗਰ ਸੇਵਾ ਸੁਸਾਇਟੀ ਵਲੋਂ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਦੇ 648ਵੇਂ ਜਨਮ ਦਿਨ ਦੀ ਖੁਸ਼ੀ ਵਿਚ ਸਥਾਨਕ ਖੇੜਾ ਰੋਡ ਸਥਿਤ ਸੀਨੀਅਰ ਸਿਟੀਜਨ ਕੇਅਰ ਸੈਂਟਰ ਵਿਖੇ ਕੰਬਲਾਂ ਦੀ ਵੰਡ ਕੀਤੀ ਗਈ।ਸਮਾਗਮ ਦੀ ਪ੍ਰਧਾਨ ਸੁਸਾਇਟੀ ਦੇ ਪ੍ਰਧਾਨ ਸੁਧੀਰ ਸ਼ਰਮਾ ਵਲੋਂ ਕੀਤੀ ਗਈ।ਸੁਸਾਇਟੀ ਦੇ ਸਰਪ੍ਰਸਤ ਮਲਕੀਅਤ ਸਿੰਘ ਰਘਬੋਤਰਾ ਨੇ ਦੱਸਿਆ ਕਿ ਹੱਥੀਂ ਕਿਰਤ ਕਰਨ ਵਾਲੀਆਂ 25 ਮਿਹਨਤੀ ਔਰਤਾਂ ਨੂੰ ਕੰਬਲਾਂ ਦੀ ਵੰਡ ਕੀਤੀ ਗਈ ਹੈ। ਉਹਨਾਂ ਕਿਹਾ ਕਿ ਗੁਰੂ ਰਵਿਦਾਸ ਮਹਾਰਾਜ ਨੇ ਸਮਾਜ ਨੂੰ ਬਰਾਬਰਤਾ ਦਾ ਉਪਦੇਸ਼ ਦਿੱਤਾ ਹੈ। ਉਹਨਾਂ ਹਾਜਰੀਨ ਨੂੰ ਗੁਰੂ ਮਹਾਰਾਜ ਦੇ ਉਪਦੇਸ਼ਾਂ 'ਤੇ ਚੱਲਣ ਲਈ ਵੀ ਪ੍ਰੇਰਿਆ। ਸਮਾਗਮ ਦੇ ਮੁੱਖ ਮਹਿਮਾਨ ਸੁਖਵਿੰਦਰ ਕੌਰ ਭਮਰਾ ਸਨ। ਅਖੀਰ ਵਿਚ ਸੁਸਾਇਟੀ ਦੇ ਸਕੱਤਰ ਸੁਰਿੰਦਰ ਪਾਲ ਨੇ ਸਮੂਹ ਹਾਜਰੀਨ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਜਨਤਾ ਸੇਵਾ ਸੰਮਤੀ ਦੇ ਪ੍ਰਧਾਨ ਵਿਪਨ ਖੁਰਾਣਾ, ਐਸ.ਸੀ. ਚਾਵਲਾ, ਰਾਮ ਲੁਭਾਇਆ, ਰਮੇਸ਼ ਬਹਿਲ, ਰਾਜਕੁਮਾਰ ਕਨੌਜੀਆ, ਰਵੀ ਕਾਂਤ ਸਹਿਗਲ, ਦਵਿੰਦਰ ਸਿੰਘ, ਮੋਹਨ ਸਿੰਘ ਤਨੇਜਾ, ਸਿਲਾਈ ਟੀਚਰ ਪਵਨਜੀਤ ਕੌਰ ਆਦਿ ਹਾਜਰ ਸਨ।

ਬਬਲੀ ਸਿੰਘ ਦਾ ਧਾਰਮਿਕ ਗੀਤ ਰਿਲੀਜ਼

ਕਾਲਾ ਸੰਘਿਆਂ (ਮਨਜੀਤ ਮਾਨ)—ਸੰਤ ਸਮਾਜ ਵੈਲਫੇਅਰ ਸੁਸਾਇਟੀ ਪੰਜਾਬ ਦੇ ਚੇਅਰਮੈਨ ਸਾਈਂ ਮਧੂ ਸ਼ਾਹ ਦਾ ਲਿਖਿਆ ਬਬਲੀ ਸਿੰਘ ਦਾ ਗਾਇਆ ਧਾਰਮਿਕ ਗੀਤ ਸਰਗੁਣ ਮਿਊਜਿਕ ਤੇ ਰਮੇਸ਼ ਨੁੱਸੀਵਾਲ ਵੱਲੋਂ ਬੜੀ ਸ਼ਾਨੋ ਸ਼ੌਕਤ ਨਾਲ ਰਿਲੀਜ਼ ਕੀਤਾ ਗਿਆ। ਫਿਲਮਾਂਕਣ ਤੇ ਅਦਾਕਾਰੀ ਸਾਈਂ ਮਧੂ ਦੁਆਰਾ ਕੀਤੀ ਗਈ ਹੈ, ਵੀਡੀਓ ਨਰੇਸ਼ ਝੱਮਟ ਨੇ ਬਣਾਈ ਹੈ ਤੇ ਸੰਗੀਤ ਸੂਫੀ ਸਿਕੰਦਰ ਨੇ ਦਿੱਤਾ ਹੈ।

ਏਕਮਬੀਰ ਨੇ ਪ੍ਰਾਪਤ ਕੀਤੇ 99.8 ਐੱਨ ਟੀ ਏ ਸਕੋਰ

ਜਲੰਧਰ (ਸ਼ੈਲੀ ਐਲਬਰਟ)-ਇੰਨੋਸੈਂਟ ਹਾਰਟਸ, ਗ੍ਰੀਨ ਮਾਡਲ ਟਾਊਨ ਦੇ ਵਿਦਿਆਰਥੀਆਂ ਨੇ ਜਨਵਰੀ 2025 ਵਿੱਚ ਨੈਸ਼ਨਲ ਟੈਸਟਿੰਗ ਏਜੰਸੀ ਦੁਆਰਾ ਕਰਵਾਈ ਗਈ ਜੇਈਈ ਮੇਨਜ਼-1 ਪ੍ਰੀਖਿਆ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ । ਇਸ ਪ੍ਰੀਖਿਆ ਵਿੱਚ ਏਕਮਬੀਰ ਨੇ 99.8 ਐਨਟੀਏ ਸਕੋਰ ਅਤੇ ਅਰਪਿਤ ਗੁਪਤਾ ਨੇ 99.38 ਸਕੋਰ ਪ੍ਰਾਪਤ ਕਰਕੇ ਸਕੂਲ ਦਾ ਮਾਣ ਵਧਾਇਆ। ਜਦਕਿ ਜਯੰਤ ਗੁਪਤਾ ਨੇ 98.48, ਸੂਰਯਾਂਸ਼ ਬਖਸ਼ੀ ਨੇ 98.11 ਐਨਟੀਏ ਸਕੋਰ, ਅਜੀਤੇਸ਼ ਨੇ 96.9, ਰਿਯਾਂਸ਼ ਅਗਰਵਾਲ ਨੇ 90.01 ਅਤੇ ਯਕਸ਼ ਅਰੋੜਾ ਨੇ 89.9 ਐਨਟੀਏ ਪ੍ਰਾਪਤ ਕੀਤੇ। ਇਸ ਮੌਕੇ ਇੰਨੋਸੈਂਟ ਹਾਰਟਸ ਦੇ ਚੇਅਰਮੈਨ ਡਾ. ਅਨੂਪ ਬੰਗੀ ਨੇ ਵਿਦਿਆਰਥੀਆਂ ਅਤੇ ਸਟਾਫ਼ ਮੈਂਬਰਾਂ ਨੂੰ ਇਸ ਸ਼ਾਨਦਾਰ ਸਫ਼ਲਤਾ 'ਤੇ ਵਧਾਈ ਦਿੱਤੀ। ਪ੍ਰਿੰਸੀਪਲ ਰਾਜੀਵ ਪਾਲੀਵਾਲ ਨੇ ਵਿਦਿਆਰਥੀਆਂ ਦੇ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਦੇ ਉੱਜਵਲ ਭਵਿੱਖ ਲਈ ਸ਼ੁਭ ਕਾਮਨਾਵਾਂ ਦਿੱਤੀਆਂ।

ਕ੍ਰਿਕਟ ਬਾਰੇ ਸੈਮੀਨਾਰ ਕਰਵਾਇਆ

ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ) — ਸਥਾਨਕ ਪ੍ਰਕਾਸ਼ ਮਾਡਲ ਸੀਨੀਅਰ ਸੈਕੰਡਰੀ ਸਕੂਲ ਰਾਹੋਂ ਰੋਡ ਨਵਾਂਸ਼ਹਿਰ ਵਿਖੇ ਮੈਨੇਜਰ ਡਾਇਰੈਕਟਰ ਸੁੱਖਰਾਜ ਸਿੰਘ ਕੈਂਡੀ ਦੀ ਪ੍ਰਧਾਨਗੀ ਹੇਠ ਕ੍ਰਿਕਟ ਐਸੋਸੀਏਸ਼ਨ ਵਲੋਂ ਲੜਕੇ ਅਤੇ ਲੜਕੀਆਂ ਲਈ ਕ੍ਰਿਕਟ ਬਾਰੇ

ਅਧਿਆਪਕ ਵਰਗ ਸਹਿਮ ਦੇ ਮਾਹੌਲ 'ਚ : ਚਾਹਲ, ਰਾਣਾ

ਜਲੰਧਰ (ਰਾਜੇਸ਼ ਥਾਪਾ)—ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ ਅਤੇ ਜਨਰਲ ਸਕੱਤਰ ਗੁਰਬਿੰਦਰ ਸਿੰਘ ਸਸਕੌਰ ਅਤੇ ਪ ਸ ਸ ਫ ਪੰਜਾਬ ਦੇ ਸੂਬਾ ਪ੍ਰਧਾਨ ਸਤੀਸ਼ ਰਾਣਾ ਅਤੇ ਜਨਰਲ ਸਕੱਤਰ ਤੀਰਥ ਸਿੰਘ ਬਾਸੀ ਨੇ ਇੱਕ ਸਾਂਝਾ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਘਰ ਘਰ ਰੋਜ਼ਗਾਰ ਦਾ ਵਾਅਦਾ ਲੈ ਕੇ ਆਈ ਇਸ ਸਰਕਾਰ ਨੇ ਪਿਛਲੇ 4 ਸਾਲਾਂ ਤੋਂ ਨੌਕਰੀ ਕਰ ਰਹੇ 3704 ਮਾਸਟਰ ਕੇਡਰ ਭਰਤੀ ਦੇ ਅਧਿਆਪਕ, ਜਿਨ੍ਹਾਂ ਨੇ ਪਿਛਲੇ ਇੱਕ ਸਾਲ ਪਹਿਲਾਂ ਆਪਣਾ ਪਰਖ ਕਾਲ ਸਮਾਂ ਵੀ ਪੂਰਾ ਕਰ ਲਿਆ ਹੈ, ਬਾਰੇ ਅਜਿਹਾ ਫੈਸਲਾ ਕੀਤਾ ਕਿ ਉਹ ਮਾਨਸਿਕ ਤਣਾਅ ਵਿੱਚੋਂ ਗੁਜ਼ਰ ਰਹੇ ਹਨ। ਕਿਉਂ ਕਿ ਜਦੋਂ ਅਚਨਚੇਤ ਸਿੱਖਿਆ ਵਿਭਾਗ ਵੱਲੋਂ ਇਸ ਭਰਤੀ ਨਾਲ ਸੰਬੰਧਤ ਸਾਰੇ ਵਿਸ਼ਿਆਂ ਦੀਆਂ ਮੈਰਿਟ ਲਿਸਟਾਂ ਰਿਵਾਇਜ ਕਰਕੇ 400 ਤੋਂ ਵੱਧ ਅਧਿਆਪਕਾ ਦੇ ਨਾਂਅ ਲਿਸਟਾਂ ਵਿੱਚੋਂ ਬਾਹਰ ਕੱਢ ਕੇ ਰਿਵਾਇਜਡ ਮੈਰਿਟ ਸਿਲੈਕਸ਼ਨ ਸੂਚੀ ਜਾਰੀ ਕਰ ਦਿੱਤੀ। ਵਿਭਾਗ ਵੱਲੋਂ ਭਰਤੀ ਕੀਤੇ ਰੈਗੂਲਰ ਉਕਤ ਅਧਿਆਪਕਾਂ ਲਈ ਲਏ ਜਾ ਰਹੇ ਅਜਿਹੇ ਫੈਸਲਿਆਂ ਕਾਰਨ ਸਾਰਾ ਅਧਿਆਪਕ ਵਰਗ ਸਹਿਮ ਦੇ ਮਾਹੌਲ ਵਿੱਚ ਹੈ ਕਿਉਕਿ ਉਹਨਾਂ ਦੀ ਮਿਹਨਤ ਨਾਲ ਲਈ ਗਈ ਨੌਕਰੀ ਜਿਸ ਉਪਰ ਉਹਨਾਂ ਦਾ ਅਤੇ ਉਹਨਾਂ ਦੇ ਪੂਰੇ ਪਰਵਾਰਾਂ ਦਾ ਭਵਿੱਖ ਨਿਰਭਰ ਹੈ, ਨੂੰ ਆਪਣੇ ਹੱਥੋਂ ਜਾਣ ਨਹੀਂ ਦੇ ਸਕਦੇ। ਇਸ ਸੰਬੰਧ ਉਹਨਾਂ ਸਰਕਾਰ ਨੂੰ ਚਿਤਾਵਨੀ ਦਿੱਤੀ ਹੈ ਕਿ ਜੇਕਰ ਵਿਭਾਗ ਅਤੇ ਸਰਕਾਰ ਇਹਨਾਂ ਲਿਸਟ 'ਚੋਂ ਬਾਹਰ ਕੀਤੇ ਗਏ ਅਧਿਆਪਕਾਂ ਦੇ ਭਵਿੱਖ ਨਾਲ ਕਿਸੇ ਤਰ੍ਹਾਂ ਦਾ ਖਿਲਵਾੜ ਕਰਨ ਦੀ ਕੋਸ਼ਿਸ਼ ਕਰਦੀ ਹੈ ਤਾਂ ਇਸ ਦੇ ਮਾੜੇ ਨਤੀਜੇ ਸਰਕਾਰ ਨੂੰ ਭੁਗਤਣੇ ਪੈਣਗੇ।

ਗੁਰੂ ਰਵਿਦਾਸ ਦਾ ਪ੍ਰਕਾਸ਼ ਦਿਹਾੜਾ ਸ਼ਰਧਾ ਨਾਲ ਮਨਾਇਆ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ, ਓਮ ਪ੍ਰਕਾਸ਼ ਰਾਣਾ)

ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 648ਵਾਂ ਪ੍ਰਕਾਸ਼ ਦਿਹਾੜਾ ਪਿੰਡ ਕੱਕੋਂ ਵਿਖੇ ਦੇਵਰਾਜ, ਸਵਾਰਨ ਚੰਦ, ਰਾਜ ਕੁਮਾਰ ਸਾਬਕਾ ਪੰਚ, ਰਾਜਵਿੰਦਰ ਕੌਰ ਸਾਬਕਾ ਸਰਪੰਚ, ਅਮਰਜੀਤ ਕੌਰ ਸਾਬਕਾ ਸਰਪੰਚ, ਗੁਰਚਰਨ ਦਾਸ ਸਾਬਕਾ ਪੰਚ, ਪਰਮਜੀਤ ਕੌਰ ਪੰਚ, ਮੁਲਖਰਾਜ, ਕੁਲਦੀਪ ਲਾਲ, ਹਰਜਿੰਦਰ ਕੁਮਾਰ, ਅਸ਼ੋਕ ਕੁਮਾਰ, ਮਾਸਟਰ ਦਵਿੰਦਰ ਸਿੰਘ, ਸੋਹਣ ਸਿੰਘ ਅਧਾਰਤ ਕਮੇਟੀ ਦੀ ਅਗਵਾਈ ਵਿੱਚ ਬਾਬਾ ਸਿੱਧ ਚਾਨੋ ਜੀ ਦੇ ਸਥਾਨ 'ਤੇ ਬੜੀ ਹੀ ਧੂਮ ਧਾਮ ਅਤੇ ਸ਼ਰਧਾ ਨਾਲ ਮਨਾਇਆ ਗਿਆ। ਸਭ ਤੋਂ ਪਹਿਲਾਂ ਸਵੇਰੇ ਸੁਖਮਨੀ ਸਾਹਿਬ ਜੀ ਦੇ ਪਾਠ ਹੋਏ ਤੇ ਭੋਗ ਪਾਏ ਗਏ ਉਪਰੰਤ ਇਸ ਮੌਕੇ ਬੀਬੀ ਸ਼ਕੁੰਤਲਾ ਦੀ ਅਗਵਾਈ ਅਗਵਾਈ ਵਿੱਚ ਸੁਰਿਦਰ ਕੌਰ, ਸੁਨੀਤਾ ਦੇਵੀ, ਅਨੇਤਾ ਦੇਵੀ, ਜੋਗਿੰਦਰ ਕੌਰ, ਸ਼ਕੁੰਤਲਾ ਦੇਵੀ, ਪਰਮਜੀਤ ਕੌਰ ਆਦਿ ਨੇ ਰਸ ਭਿੰਨੀ ਆਵਾਜ਼ ਵਿੱਚ ਗੁਰੂ ਰਵਿਦਾਸ ਮਹਾਰਾਜ ਜੀ ਦੀਆਂ ਸਿੱਖਿਆਵਾਂ ਨਾਲ ਸੰਬੰਧਿਤ ਸ਼ਬਦ ਕੀਰਤਨ ਕਰਕੇ ਸੰਗਤਾਂ ਦਾ ਮਨ ਮੋਹਿਆ। ਵੱਡੀ ਗਿਣਤੀ ਵਿੱਚ

14-FEB-PAGE-10.qxd 2/13/2025 8:45 PM Page 1

ਡਾਲਾ 'ਚ ਦੋ ਨਕਾਬਪੋਸ਼ਾਂ ਨੇ ਬਲੌਰ ਸਿੰਘ ਦੇ ਘਰ 'ਤੇ ਚਲਾਈਆਂ ਗੋਲੀਆਂ

ਮੋਗਾ (ਇਕਬਾਲ ਸਿੰਘ ਖਹਿਰਾ)-ਮੋਗਾ ਜ਼ਿਲ੍ਹਾ ਦੇ ਪਿੰਡ ਡਾਲਾ ਵਿਖੇ ਉਸ ਸਮੇਂ ਦਹਿਸ਼ਤ ਦਾ ਮਾਹੌਲ ਪਸਰ ਗਿਆ ਜਦੋਂ ਇੱਕ ਘਰ ਦੇ ਬਾਹਰ ਦੋ ਅਣਪਛਾਤੇ ਨਕਾਬਪੋਸ਼ ਮੋਟਰਸਾਈਕਲ ਸਵਾਰਾਂ ਵੱਲੋਂ ਬਲੌਰ ਸਿੰਘ ਪੁੱਤਰ ਹਾਕਮ ਸਿੰਘ ਦੇ ਘਰ ਦੇ ਬਾਹਰ ਗੇਟ 'ਤੇ ਚਾਰ ਗੋਲੀਆਂ ਚਲਾਈਆਂ। ਮੌਕੇ 'ਤੇ ਪਹੁੰਚੀ ਪੁਲਸ ਵੱਲੋਂ ਇਸ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਆਰੰਭ ਕੀਤੀ ਗਈ ਹੈ। ਜਾਣਕਾਰੀ ਦਿੰਦੇ ਹੋਏ ਘਰ ਦੇ ਮਾਲਕ ਬਲੌਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦਾ ਪਰਵਾਰ ਗੁਰਦੁਆਰਾ ਸਾਹਿਬ ਗਿਆ ਹੋਇਆ ਸੀ। ਪਿੱਛੋਂ ਦੋ ਅਣਪਛਾਤੇ ਮੂੰਹ ਬੰਨ੍ਹ ਕੇ ਆਏ ਮੋਟਰਸਾਈਕਲ ਸਵਾਰਾਂ ਨੇ ਘਰ ਦੇ ਬਾਹਰ ਗੇਟ 'ਤੇ ਚਾਰ ਗੋਲੀਆਂ ਚਲਾ ਦਿੱਤੀਆਂ ਅਤੇ ਮੌਕੇ ਤੋਂ ਫਰਾਰ ਹੋ ਗਏ। ਉਨ੍ਹਾਂ ਦੇ ਮੋਟਰ ਸਾਈਕਲ 'ਤੇ ਕੋਈ ਨੰਬਰ ਪਲੇਟ ਨਹੀਂ ਲੱਗੀ ਹੋਈ ਸੀ।ਉਨ੍ਹਾਂ ਦੱਸਿਆ ਕਿ ਨਾ ਤਾਂ ਸਾਡੇ ਪਿੰਡ ਵਿੱਚ ਕਿਸੇ ਨਾਲ ਕੋਈ ਦੁਸ਼ਮਣੀ ਹੈ, ਨਾ ਕੋਈ ਕਿਸੇ ਦਾ ਦੇਣ ਲੈਣ ਤੇ ਨਾ ਹੀ ਪਹਿਲਾਂ ਸਾਨੂੰ ਕੋਈ ਫਿਰੌਤੀ ਲਈ ਫੋਨ ਆਇਆ ਹੈ। ਉਨ੍ਹਾਂ ਨੇ ਕਿਹਾ ਕਿ ਮੈਂ ਅਤੇ ਮੇਰਾ ਬੇਟਾ ਡੇਢ ਸਾਲ ਪਹਿਲਾਂ ਹੀ ਕਨੇਡਾ ਤੋਂ ਵਾਪਸ ਆਏ ਹਾਂ ਅਤੇ ਸਾਡਾ ਕਿਸੇ ਨਾਲ ਵੀ ਕੋਈ ਝਗੜਾ ਨਹੀਂ ਹੋਇਆ। ਜਾਂਚ ਕਰਨ ਮੌਕੇ 'ਤੇ ਪੁੱਜੇ ਡੀ ਐਸ ਪੀ ਧਰਮਕੋਟ ਰਮਨਦੀਪ ਸਿੰਘ ਅਤੇ ਐਸ ਐਚ ਓ ਮਹਿਣਾ ਗੁਰਿੰਦਰ ਸਿੰਘ ਭੁੱਲਰ ਮੌਕੇ 'ਤੇ ਪੁੱਜ ਕੇ ਕੇ ਸੀਸੀਟੀਵੀ ਕੈਮਰੇ ਖੰਗਾਲੇ ਗਏ। ਡੀ ਐਸ ਪੀ ਰਮਨਦੀਪ ਸਿੰਘ ਨੇ ਦੱਸਿਆ ਕਿ ਜਲਦ ਹੀ ਗੋਲੀਆਂ ਚਲਾਉਣ ਵਾਲੇ ਦੋਸ਼ੀਆਂ ਨੂੰ ਕਾਬੂ ਕੀਤਾ ਜਾਵੇਗਾ।12ਮੋਗਾ7

ਗੁਰਦੁਆਰਾ ਦੂਖਨਿਵਾਰਨ ਸਾਹਿਬ ਵਿਖੇ ਸਤਿਗੁਰ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ

ਪਟਿਆਲਾ (ਰਾਜਿੰਦਰ ਸਿੰਘ ਬਿੰਦ)-ਸ਼੍ਰੋਮਣੀ ਕਮੇਟੀ ਪ੍ਰਬੰਧ ਅਧੀਨ ਗੁਰਦੁਆਰਾ ਸਾਹਿਬਾਨ ਵਿਖੇ ਸਤਿਗੁਰ ਰਵਿਦਾਸ ਜੀ ਦਾ ਜਨਮ ਦਿਹਾੜਾ ਸੰਗਤਾਂ ਵੱਲੋਂ ਗੁਰੂ ਘਰ ਨਤਮਸਤਕ ਹੋ ਕੇ ਸ਼ਰਧਾ ਭਾਵਨਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਵਿਖੇ ਜਨਮ ਦਿਹਾੜੇ ਮੌਕੇ ਗੁਰਮਤਿ ਸਮਾਗਮ ਕਰਵਾਇਆ ਗਿਆ।ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਅਤੇ ਹਜ਼ੂਰੀ ਕੀਰਤਨੀ ਜਥਿਆਂ ਨੇ ਗੁਰਬਾਣੀ ਸਰਵਣ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।ਹੈਡ ਗ੍ਰੰਥੀ ਭਾਈ ਪ੍ਰਨਾਮ ਸਿੰਘ ਨੇ ਮਾਨਵਤਾ ਦੇ ਭਲੇ ਦੀ ਅਰਦਾਸ ਕੀਤੀ।ਇਸੇ ਤਰ੍ਹਾਂ ਗੁਰਦੁਆਰਾ ਮੋਤੀ ਬਾਗ ਸਾਹਿਬ ਤੇ ਗੁਰਦੁਆਰਾ ਖੇਲ ਸਾਹਿਬ ਵਿਖੇ ਸੰਗਤਾਂ ਨੇ ਗੁਰੂ ਘਰ ਮੱਥਾ ਟੇਕਿਆ।ਗੁਰਮਤਿ ਸਮਾਗਮ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਸੰਗਤਾਂ ਨੂੰ ਸਤਿਗੁਰ ਰਵਿਦਾਸ ਜੀ ਦੇ ਜਨਮ ਦਿਹਾੜੇ ਦੀ ਵਧਾਈ ਦਿੰਦਿਆਂ ਕਿਹਾ ਕਿ ਸਤਿਗੁਰ ਰਵਿਦਾਸ ਜੀ ਨੇ ਹਮੇਸ਼ਾ ਸਮਾਜਕ ਬਰਾਬਰੀ, ਜਾਤ ਪਾਤ, ਊਚ ਨੀਚ ਤੋਂ ਉਪਰ ਉਠ ਕੇ ਜੀਵਨ ਜਾਂਚ ਦੀ ਪ੍ਰੇਰਨਾ ਦਿੱਤੀ।ਗੁਰਮਤਿ ਸਮਾਗਮ ਦੌਰਾਨ ਗੁਰਦੁਆਰਾ ਪ੍ਰਬੰਧਕ ਮੈਨੇਜਰ ਨਿਸ਼ਾਨ ਸਿੰਘ ਜੱਫਰਵਾਲ ਨੇ ਸੰਗਤਾਂ ਦੇ ਪੁੱਜਣ ਦਾ ਧੰਨਵਾਦ ਕੀਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਐਡੀ.ਮੈਨੇ. ਜਸਵਿੰਦਰ ਸਿੰਘ, ਮੀਤ ਮੈਨੇ. ਭਾਗ ਸਿੰਘ ਚੌਹਾਨ, ਆਤਮ ਪ੍ਰਕਾਸ਼ ਸਿੰਘ ਬੇਦੀ, ਮਨਦੀਪ ਸਿੰਘ ਭਲਵਾਨ, ਸਾਬਕਾ ਅਧਿਕਾਰੀ ਡਾ. ਪਰਮਜੀਤ ਸਿੰਘ ਸਰੋਆ ਤੋਂ ਇਲਾਵਾ ਗੁਰਦੁਆਰਾ ਖੇਲ ਸਾਹਿਬ ਵਿਖੇ ਭਾਈ ਦਰਸ਼ਨ ਸਿੰਘ ਨੇ ਪੁੱਜੀਆਂ ਸਖਸ਼ੀਅਤਾਂ ਨੂੰ ਜੀ ਆਇਆਂ ਆਖਿਆ।ਧਾਰਮਕ ਸਮਾਗਮ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ

ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਪੁਰਬ ਮਨਾਇਆ

ਭੀਖੀ (ਧਰਮਵੀਰ ਸ਼ਰਮਾ)-ਸ੍ਰੀ ਗੁਰੂ ਰਵਿਦਾਸ ਜੀ ਦੇ 648 ਵੇਂ ਪ੍ਰਕਾਸ਼ ਪੁਰਬ ਮੌਕੇ ਗੁਰਦੁਆਰਾ ਸਾਹਿਬ ਧਲੇਵਾਂ ਰੋਡ ਅਤੇ ਗੁਰੂ ਰਵਿਦਾਸ ਮੰਦਰ ਵਾਰਡ ਨੰ :5 ਤੋਂ ਇਲਾਵਾ ਕਸਬੇ ਦੇ ਨੇੜਲੇ ਪਿੰਡਾਂ ਵਿੱਚ ਧਾਰਮਿਕ ਸਮਾਗਮ ਕਰਵਾਏ ਗਏ, ਜਿਸ ਦੌਰਾਨ ਸ੍ਰੀ ਅਖੰਡ ਪਾਠ ਸਾਹਿਬ ਦਾ ਭੋਗ ਪਾਏ ਗਏ।ਭੀਖੀ ਵਿਖੇ ਭੋਗ ਉਪਰੰਤ ਭਾਈ ਹਰਜਿੰਦਰ ਸਿੰਘ ਖਾਲਸਾ ਦੇ ਜਥੇ ਵੱਲੋਂ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ।ਇਸ ਮੌਕੇ ਬੁਲਾਰਿਆਂ ਨੇ ਕਿਹਾ ਕਿ ਗੁਰੂ ਰਵਿਦਾਸ ਜੀ ਦੀ ਬਾਣੀ ਅਧਿਆਤਮਕਤਾ ਦੇ ਸਿਖ਼ਰ ਨੂੰ ਛੂੰਹਦੀ ਹੋਈ ਸਮੁੱਚੀ ਮਾਨਵਤਾ ਦੀ ਗੱਲ ਕਰਦੀ ਹੈ। ਗੁਰੂ ਜੀ ਨੇ ਪਾਖੰਡਵਾਦ ਖਿਲਾਫ਼ ਹੱਕ-ਸੱਚ ਦਾ ਨਾਅਰਾ ਬੁਲੰਦ ਕੀਤਾ। ਵੱਖ-ਵੱਖ ਪਿੰਡਾਂ ਵਿੱਚ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਨਗਰ ਕੀਰਤਨ ਸਜਾਏ ਗਏ।ਸਮਾਗਮ ਦੌਰਾਨ ਸੰਗਤ ਨੂੰ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।ਇਸ ਸਮੇਂ ਸ੍ਰੀ ਗੁਰੂ ਰਵਿਦਾਸ ਪ੍ਰਬੰਧਕ ਕਮੇਟੀ ਵੱਲੋਂ ਗੁਲਾਬ ਸਿੰਘ, ਦਲਜੀਤ ਸਿੰਘ, ਰਘੁਵੀਰ ਸਿੰਘ ਲਾਡੀ, ਦਰਸ਼ਨ ਸਿੰਘ, ਸਤਪਾਲ ਸਿੰਘ, ਬਾਵਰ ਸਿੰਘ, ਲਾਲੀ ਸਿੰਘ, ਕੇਵਲ ਸਿੰਘ, ਮੱਖਣ ਸਿੰਘ ਗੇਜੀ ਆਦਿ ਹਾਜ਼ਰ ਸਨ।

ਸਵਾਈਟ ਕਾਲਜ 'ਚ 'ਟੈਕਐਕਸਪੀਰੀਐਂਸ 2.0 (ਹੈਕਥੌਨ)' ਕਰਵਾਇਆ

ਰਾਜਪੁਰਾ (ਰਮੇਸ਼ ਕਟਾਰੀਆ)-ਸਵਾਮੀ ਵਿਵੇਕਾਨੰਦ ਗਰੁੱਪ ਬਨੂੰੜ ਦੇ ਸਵਾਈਟ ਕਾਲਜ ਵਿੱਚ ਟੈਕਨੀਕਲ ਪ੍ਰੋਗਰਾਮ 'ਟੈਕਐਕਸਪੀਰੀਐਂਸ 2.0 (ਹੈਕਥੌਨ)' ਕਰਵਾਇਆ ਗਿਆ, ਜਿਸ ਵਿੱਚ ਪੂਰੇ ਭਾਰਤ ਵਿੱਚੋਂ 50 ਕਾਲਜਾਂ ਨੇ ਹਿੱਸਾ ਲਿਆ ਅਤੇ 800 ਦੇ ਕਰੀਬ ਵਿਦਿਆਰਥੀਆਂ ਨੇ ਅਲੱਗ ਅਲੱਗ ਮੁਕਾਬਲਿਆਂ ਵਿੱਚ ਹਿੱਸਾ ਲਿਆ। ਇਹ ਮੁਕਾਬਲੇ 30 ਘੰਟੇ ਚੱਲੇ ਜਿਸ ਦੀ ਇਨਾਮੀ ਰਾਸ਼ੀ ਇੱਕ ਲੱਖ ਰੁਪਏ ਰੱਖੀ ਗਈ ਸੀ।ਇਸ ਪ੍ਰੋਗਰਾਮ ਵਿੱਚ ਸਵਾਮੀ ਵਿਵੇਕਾਨੰਦ ਗਰੁੱਪ ਦੇ ਚੇਅਰਮੈਨ ਅਸ਼ਵਨੀ ਕੁਮਾਰ ਗਰਗ ਪ੍ਰੈਜ਼ੀਡੈਂਟ ਅਸ਼ੋਕ ਗਰਗ ਡਾਇਰੈਕਟਰ ਡਾ. ਸੰਜੀਵ ਸੈਣੀ, ਡਾਇਰੈਕਟਰ ਸੈਕਟੇਰੀਅਲ ਵਿਸ਼ਾਲ ਗਰਗ, ਪ੍ਰੋਜੈਕਟ ਡਾਇਰੈਕਟਰ ਸਾਹਿਲ ਗਰਗ, ਡਾਇਰੈਕਟਰ ਓਪਰੇਸ਼ਨ ਅੰਕੁਰ ਗਿੱਲ, ਡਾ. ਪ੍ਰਤੀਕ ਗਰਗ ਪ੍ਰਿੰਸੀਪਲ, ਸਟਾਫ਼, ਮਹਿਮਾਨਾਂ ਵਿੱਚ ਜਸਵੰਤ ਸਿੰਘ ਬ੍ਰਾਂਚ ਮੈਨੇਜਰ ਲਾਰਸਨ ਐਂਡ ਟੂਬਰੋ, ਡਾ. ਭਾਨੂੰ ਪ੍ਰਤਾਪ ਸਿੰਘ ਸੀਨੀਅਰ ਰੀਜਨਲ ਡਾਇਰੈਕਟਰ-ਇਗਨੂ, ਰੀਜਨਲ ਸੈਂਟਰ ਚੰਡੀਗੜ੍ਹ ਦੇਵਦੱਤਾ ਸ਼ਰਮਾ ਹੈੱਡ ਐਚ ਆਰ, ਐਡਮਿਨ, ਸੀ.ਐਸ.ਆਰ., ਆਈ.ਟੀ. ਲਾਰਸਨ ਐਂਡ ਟੂਬਰੋ, ਪੰਕਜ ਕੁਮਾਰ ਕੰਪਨੀ ਚਾਹ ਠੇਲਾ ਦੇ ਸੰਸਥਾਪਕ, ਮਨਕੇਸ਼ ਡਡਵਾਲ ਸਹਿ-ਸੰਸਥਾਪਕ ਅਤੇ ਸੀ ਓ ਓ ਕੈਲੀਅਸ ਕੰਸਲਟਿੰਗ ਅਤੇ ਬਾਹਰੋਂ ਆਏ ਹੋਏ ਪ੍ਰੋਫ਼ੈਸਰ ਅਤੇ ਵਿਦਿਆਰਥੀ ਹਾਜ਼ਰ ਸਨ।ਇਸ ਪ੍ਰੋਗਰਾਮ ਦਾ ਮਕਸਦ ਵਿਦਿਆਰਥੀਆਂ ਵਿੱਚ ਕੋਡਿੰਗ, ਹੈਕਿੰਗ, ਨੈੱਟਵਰਕਿੰਗ ਆਦਿ ਬਾਰੇ ਮੁਹਾਰਤ ਗਿਆਨ ਦੀ ਸਹੀ ਵਰਤੋਂ ਅਤੇ ਸਟਾਰਟਅਪ ਕਿਵੇਂ ਕਰਨਾ ਹੈ ਦੇ ਬਾਰੇ ਜਾਗਰੂਕ ਕਰਨਾ ਸੀ।ਕਾਲਜ ਦੇ ਚੇਅਰਮੈਨ ਅਸ਼ਵਨੀ ਕੁਮਾਰ ਗਰਗ, ਪ੍ਰੈਜ਼ੀਡੈਂਟ ਅਸ਼ੋਕ ਗਰਗ ਅਤੇ ਆਏ ਹੋਏ ਮਹਿਮਾਨਾਂ ਨੇ ਸਾਰੇ ਵਿਦਿਆਰੀਆਂ ਦਾ ਹੌਸਲਾ ਅਫਜ਼ਾਈ ਕੀਤਾ ਅਤੇ ਅਸ਼ੀਰਵਾਦ ਦਿੱਤਾ।ਇਸ ਪ੍ਰੋਗਰਾਮ ਵਿੱਚ ਜੇਤੂਆਂ ਨੂੰ ਬਹੁਤ ਸਾਰੇ ਨਗਦ ਇਨਾਮ ਤੇ ਗਿਫ਼ਟ ਵੀ ਵੰਡੇ ਗਏ।

ਡਾਕਟਰ ਢਿੱਲੋਂ ਨੇ ਜਿੱਤੇ 4 ਸੋਨ ਤਗਮੇ

ਗੁਰੂ ਹਰ ਸਹਾਏ (ਫ਼ਕੀਰ ਚੰਦ ਸਿਕਰੀ)-ਪੰਜਾਬ ਮਾਸਟਰ ਗੇਮ ਐਸੋਸੀਏਸ਼ਨ ਵਲੋਂ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਜਲੰਧਰ ਵਿਖੇ 7 ਵਾਂ ਸੂਬਾ ਪੱਧਰੀ ਅਥਲੈਟਿਕ ਕੰਪੀਟੀਸ਼ਨ ਕਰਵਾਇਆ ਗਿਆ। ਇਨ੍ਹਾਂ ਖੇਡ ਮੁਕਾਬਲਿਆਂ ਵਿੱਚ ਵੱਖ ਵੱਖ ਸੂਬਿਆਂ ਦੇ ਖਿਡਾਰੀਆਂ ਨੇ ਭਾਗ ਲਿਆ, ਉਥੇ ਹੀ ਫ਼ਿਰੋਜ਼ਪੁਰ ਦੇ ਚਮੜੀ ਰੋਗਾਂ ਦੇ ਮਾਹਰ ਅਤੇ ਸਾਬਕਾ ਡਿਪਟੀ ਮੈਡੀਕਲ ਕਮਿਸ਼ਨਰ ਅਤੇ ਪ੍ਰਧਾਨ ਜ਼ਿਲ੍ਹਾ ਮਾਸਟਰ ਅਥਲੈਟਿਕ ਐਸੋਸੀਏਸ਼ਨ ਫਿਰੋਜ਼ਪੁਰ ਡਾ. ਗੁਰਿੰਦਰਜੀਤ ਸਿੰਘ ਢਿੱਲੋਂ ਨੇ 70 ਤੋਂ ਵੱਧ ਉਮਰ ਦੀ ਕੈਟਾਗਰੀ ਵਿੱਚ ਭਾਗ ਲੈਂਦਿਆਂ ਚਾਰ ਸੋਨੇ ਦੇ ਤਗਮੇ ਜੈਵਲਿਨ, ਹੈਮਰਥਰੋ, ਸ਼ਾਟਪੁੱਟ ਅਤੇ ਵੇਟ ਥਰੋ ਵਿੱਚ ਪ੍ਰਾਪਤ ਕਰਕੇ ਫਿਰੋਜ਼ਪੁਰ ਜ਼ਿਲ੍ਹੇ ਦਾ ਫਿਰ ਤੋਂ ਨਾਅ ਰੋਸ਼ਨ ਕੀਤਾ ਗਿਆ।ਡਾ. ਢਿੱਲੋਂ ਨੇ ਸਿਹਤ ਮਹਿਕਮੇ ਵਿਚ ਵੱਖ ਵੱਖ ਅਹੁਦਿਆਂ 'ਤੇ ਸ਼ਲਾਘਾਯੋਗ ਕੰਮ ਕਰਦਿਆਂ ਸਟੇਟ ਐਵਾਰਡ ਵੀ ਹਾਸਲ ਕੀਤਾ ਸੀ। ਉਨ੍ਹਾਂ ਦੀ ਹੁਣ ਦੀ ਪ੍ਰਾਪਤੀ ਲਈ ਮੇਜਰ ਬਲਰਾਜ ਸਿੰਘ ਐਸੋਸੀਏਸ਼ਨ ਦੇ ਪ੍ਰਧਾਨ ਅਤੇ ਕੋਚ ਕਟੋਚ ਜਨਰਲ ਸੈਕਟਰੀ ਦੇ ਨਾਲ ਫਿਰੋਜ਼ਪੁਰ ਜ਼ਿਲ੍ਹੇ ਦੇ ਐਮ ਐਲ ਏ ਰਣਬੀਰ ਸਿੰਘ ਭੁੱਲਰ, ਡਾ. ਵਿਨੋਦ ਖੰਨਾ, ਡਾ. ਸਤੀਸ਼ ਵਰਮਾ, ਡਿਪਟੀ ਕਮਿਸ਼ਨਰ ਦੀਪ ਸ਼ਿਖਾ ਸ਼ਰਮਾ, ਐਸ ਐਸ ਪੀ ਸੋਮਿਆ ਮਿਸ਼ਰਾ, ਜ਼ਿਲ੍ਹਾ ਖੇਡ ਅਫਸਰ ਰੁਪਿੰਦਰ ਸਿੰਘ ਬਰਾੜ, ਜ਼ਿਲ੍ਹਾ ਮਾਸਟਰ ਅਥਲੈਟਿਕ ਐਸੋਸੀਏਸ਼ਨ ਦੇ ਅਹੁਦੇਦਾਰ ਗੁਰਦਿਆਲ ਸਿੰਘ ਵਿਰਕ, ਇਸ਼ਵਰ ਚੰਦ, ਪ੍ਰਗਟ ਸਿੰਘ, ਸਰਬਜੀਤ ਸਿੰਘ ਭਾਵੜਾ, ਸਿਕੰਦਰ ਸਿੰਘ, ਹਰਪਰਿੰਦਰ ਸਿੰਘ, ਦਲੀਪ ਸਿੰਘ ਸੰਧੂ, ਅਸ਼ੋਕ ਬਹਿਲ, ਡਾ. ਸਤਿੰਦਰ ਸਿੰਘ, ਸੁਨੀਲ ਸ਼ਰਮਾ ਅਤੇ ਹੋਰ ਪਤਵੰਤੇ ਸੱਜਣਾਂ ਨੇ ਵਧਾਈ ਦਿੱਤੀ।

ਗੁਰੂ ਰਵਿਦਾਸ ਜੀ ਦੀ ਬਾਣੀ ਸਾਡੇ ਲਈ ਚਾਨਣ-ਮੁਨਾਰਾ : ਰਾਏ

ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਸ਼੍ਰੋਮਣੀ ਭਗਤ ਰਵਿਦਾਸ ਜੀ ਮਹਾਰਾਜ ਦੀ 648ਵੀਂ ਜੈਯੰਤੀ ਦੇਸ਼ ਭਰ 'ਚ ਧੂਮਧਾਮ ਨਾਲ ਮਨਾਈ ਗਈ।ਇਸੇ ਲੜੀ ਤਹਿਤ ਹਲਕਾ ਫਤਿਹਗੜ੍ਹ ਸਾਹਿਬ ਦੇ ਵੱਖ-ਵੱਖ ਪਿੰਡਾਂ 'ਚ ਰਵਿਦਾਸ ਜੈਯੰਤੀ ਦੇ ਪ੍ਰੋਗਰਾਮ ਹੋਏ। ਇਸੇ ਦੌਰਾਨ ਵਿਧਾਇਕ ਲਖਬੀਰ ਸਿੰਘ ਰਾਏ ਵੱਲੋਂ ਵੱਖ-ਵੱਖ ਪਿੰਡਾਂ ਦੇ ਪ੍ਰੋਗਰਾਮਾਂ ਦੇ ਵਿੱਚ ਸ਼ਮੂਲੀਅਤ ਕਰਕੇ ਸਤਿਗੁਰ ਰਵਿਦਾਸ ਜੀ ਦੀ ਜੈਯੰਤੀ ਸਬੰਧੀ ਖੁਸ਼ੀਆਂ ਸਾਂਝੀਆਂ ਕੀਤੀਆਂ ਗਈਆਂ।ਪਿੰਡ ਧਤੌਂਦਾ ਵਿਖੇ ਵਿਧਾਇਕ ਲਖਬੀਰ ਸਿੰਘ ਰਾਏ ਨੇ ਸਤਿਗੁਰੂ ਰਵਿਦਾਸ ਮਹਾਰਾਜ ਦੀ ਜੈਯੰਤੀ ਦੀ ਵਧਾਈ ਦਿੰਦਿਆਂ ਕਿਹਾ ਕਿ ਸਤਿਗੁਰੂ ਰਵਿਦਾਸ ਜੀ ਸਾਰੇ ਵਰਗਾਂ ਦੇ ਮਹਾਂਪੁਰਸ਼ ਵਿਚੋਂ ਇਕ ਸਨ, ਜਿਨ੍ਹਾਂ ਦੀ ਰਚਨਾ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕਰਕੇ ਸਿੱਖ ਗੁਰੂ ਸਾਹਿਬਾਨ ਵੱਲੋਂ ਵੱਡਾ ਮਾਣ ਸਤਿਕਾਰ ਦਿੱਤਾ ਗਿਆ ਹੈ।ਉਨ੍ਹਾਂ ਕਿਹਾ ਕਿ ਸਤਿਗੁਰੂ ਰਵਿਦਾਸ ਜੀ ਬਹੁਤ ਵੱਡੀ ਸ਼ਖਸ਼ੀਅਤ ਸਨ, ਸਾਨੂੰ ਉਹਨਾਂ ਦੇ ਦਰਸਾਏ ਮਾਰਗ 'ਤੇ ਚੱਲਣਾ ਚਾਹੀਦਾ ਹੈ।ਸਤਿਗੁਰੂ ਰਵਿਦਾਸ ਜਯੰਤੀ ਮੌਕੇ ਜਿੱਥੇ ਵੱਖ-ਵੱਖ ਪਿੰਡਾਂ ਦੇ ਵਿੱਚ ਸਾਂਝੇ ਤੌਰ 'ਤੇ ਲੰਗਰ ਲਗਾਏ ਗਏ, ਉੱਥੇ ਹੀ ਸਤਿਗੁਰਾਂ ਨੂੰ ਪਿਆਰ ਕਰਨ ਵਾਲੀ ਸੰਗਤ ਵੱਲੋਂ ਸੜਕਾਂ ਦੇ ਕਿਨਾਰੇ ਕੜ੍ਹੀ ਚੌਲ ਅਤੇ ਖੀਰ ਦੇ ਲੰਗਰ ਲਗਾਏ ਗਏ।ਇਸ ਮੌਕੇ ਬਹਿਲੋਲਪੁਰ ਦੇ ਸਰਪੰਚ ਸਿਕੰਦਰ ਸਿੰਘ, ਅਵਤਾਰ ਸਿੰਘ ਪੰਜੋਲਾ, ਮਨਦੀਪ ਸਿੰਘ ਪੋਲਾ, ਹਰਸ਼ ਰੁੜਕੀ ਆਦਿ ਵੀ ਹਾਜ਼ਰ ਸਨ।

'ਆਪ' ਸਰਕਾਰ ਲੋਕਾਂ ਦੀ ਭਲਾਈ ਲਈ ਵਚਨਬੱਧ : ਵਿਧਾਇਕ ਰਹਿਮਾਨ

ਮਾਲੇਰਕੋਟਲਾ (ਅਸਗਰ ਪਰਿਹਾਰ)-ਪੰਜਾਬ ਸਰਕਾਰ ਵੱਲੋਂ ਦਸੰਬਰ 2024 ਤੱਕ ਜ਼ਿਲ੍ਹੇ ਦੇ 50,371 ਬਜ਼ੁਰਗ ਲਾਭਪਾਤਰੀਆਂ ਨੂੰ ਪੈਨਸ਼ਨ ਵਜੋਂ 7,55,56,500 ਰੁਪਏ ਵੰਡੇ ਜਾ ਚੁੱਕੇ ਹਨ। ਵਿਧਾਇਕ ਡਾ. ਮੁਹੰਮਦ ਜ਼ਮੀਲ ਉਰ ਰਹਿਮਾਨ ਨੇ ਦੱਸਿਆ ਕਿ ਸਰਕਾਰ ਹਰ ਵਰਗ ਦੇ ਲੋਕਾਂ ਦੀ ਭਲਾਈ ਲਈ ਵਚਨਬੱਧ ਹੈ। ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਜ਼ਿਲ੍ਹਾ ਮਾਲੇਰਕੋਟਲਾ ਦੇ ਬਜ਼ੁਰਗ, ਦਿਵਿਆਂਗ, ਵਿਧਵਾ ਤੇ ਬੇਸਹਾਰਾ ਔਰਤਾਂ ਅਤੇ ਆਸ਼ਰਿਤ ਬੱਚਿਆਂ ਨੂੰ ਪੈਨਸ਼ਨਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਸੂਬਾ ਸਰਕਾਰ ਵੱਲੋਂ ਕੁੱਲ 5924 ਕਰੋੜ ਰੁਪਏ ਦਾ ਬਜਟ ਰਾਖਵਾਂ ਰੱਖਿਆ ਗਿਆ ਹੈ। ਇਸ ਵਿੱਚੋਂ ਬੁਢੇਪਾ ਪੈਨਸ਼ਨ ਲਈ ਚਾਲੂ ਸਾਲ ਦੌਰਾਨ 4000 ਕਰੋੜ ਰੁਪਏ ਦੇ ਬਜਟ ਦਾ ਉਪਬੰਧ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ 65 ਸਾਲ ਜਾਂ ਉਸ ਤੋਂ ਉੱਪਰ ਉਮਰ ਦੇ ਵਿਅਕਤੀ ਤੇ 58 ਸਾਲ ਜਾਂ ਉਸ ਤੋਂ ਉੱਪਰ ਉਮਰ ਦੀਆਂ ਮਹਿਲਾਵਾਂ, ਜਿਨ੍ਹਾਂ ਦੀ ਸਾਲਾਨਾ ਆਮਦਨ 60,000 ਰੁਪਏ ਤੋਂ ਵੱਧ ਨਾ ਹੋਵੇ, ਇਸ ਸਕੀਮ ਦਾ ਲਾਭ ਲੈਣ ਦੇ ਯੋਗ ਹਨ। ਉਨ੍ਹਾਂ ਦੱਸਿਆ ਕਿ ਵਿੱਤੀ ਸਹਾਇਤਾ ਦੀ ਅਦਾਇਗੀ ਸਿੱਧੀ ਲਾਭਪਾਤਰੀਆਂ ਦੇ ਬੈਂਕ ਖਾਤਿਆਂ ਵਿੱਚ ਕੀਤੀ ਜਾਂਦੀ ਹੈ।

ਅਰਸ਼ ਡੱਲਾ ਗਰੋਹ ਦੇ 2 ਮੈਂਬਰ ਅਸਲੇ ਸਮੇਤ ਗ੍ਰਿਫ਼ਤਾਰ

ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)

ਡਾ. ਰਵਜੋਤ ਗਰੇਵਾਲ ਸੀਨੀਅਰ ਕਪਤਾਨ ਪੁਲਸ, ਜ਼ਿਲ੍ਹਾ ਫਤਹਿਗੜ੍ਹ ਸਾਹਿਬ ਨੇ ਇੱਥੇ ਆਪਣੇ ਦਫ਼ਤਰ ਵਿਖੇ ਪ੍ਰੈੱਸ ਕਾਨਫਰੰ

14-FEB- PAGE 11-2025-25.qxd 2/13/2025 11:28 PM Page 1

ਸ਼ਹਿਰ 'ਚ ਵੱਖ-ਵੱਖ ਥਾਵਾਂ 'ਤੇ ਰੇਹੜੀ ਵਾਲਿਆਂ ਦਾ ਨਜਾਇਜ਼ ਕਬਜ਼ਾ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਜ਼ਿਲ੍ਹਾ ਪ੍ਰਸ਼ਾਸਨ ਅਤੇ ਕਾਦੀਆਂ ਸਬੰਧਤ ਮਹਿਕਮੇ ਦੀ ਵੱਡੀ ਕਾਰਵਾਈ ਦੇ ਬਾਵਜੂਦ ਕਾਦੀਆਂ ਸ਼ਹਿਰ ਦੇ ਵੱਖ-ਵੱਖ ਥਾਵਾਂ 'ਤੇ ਨਜਾਇਜ਼ ਤਰੀਕੇ ਨਾਲ ਰੇਹੜੀ ਵਾਲਿਆਂ ਦਾ ਕਬਜ਼ਾ ਦੇਖਣ ਨੂੰ ਮਿਲਿਆ। ਬੀਤੇ ਦਿਨੀਂ ਜ਼ਿਲ੍ਹਾ ਪ੍ਰਸ਼ਾਸਨ ਏ ਡੀ ਸੀ ਗੁਰਦਾਸਪੁਰ ਹਰਜਿੰਦਰ ਸਿੰਘ ਬੇਦੀ ਵੱਲੋਂ ਆਪਣੀ ਟੀਮ ਸਮੇਤ ਤੇ ਨਗਰ ਕੌਂਸਲ ਕਾਦੀਆਂ ਦੀ ਟੀਮ ਵੱਲੋਂ ਤੜਕਸਾਰ ਸਵੇਰੇ ਕਰੀਬ ਇੱਕ ਹਫਤੇ ਦੇ ਲਗਭਗ ਪਹਿਲਾਂ ਇੱਕ ਵਿਸ਼ੇਸ਼ ਮੁਹਿੰਮ ਚਲਾਈ ਜਿਸ ਦੇ ਚਲਦਿਆਂ ਨਜਾਇਜ਼ ਕਬਜ਼ਿਆਂ ਨੂੰ ਹਟਾਇਆ ਗਿਆ ਅਤੇ ਕੁਝ ਦੁਕਾਨਦਾਰਾਂ ਵੱਲੋਂ ਇਸ ਦਾ ਵਿਰੋਧ ਵੀ ਕੀਤਾ ਗਿਆ। ਪਰ ਜ਼ਿਲਾ ਪ੍ਰਸ਼ਾਸਨ ਵੱਲੋਂ ਦੁਕਾਨਦਾਰਾਂ ਨੂੰ ਅਤੇ ਨਜਾਇਜ਼ ਕਬਜ਼ੇ ਕਰਨ ਵਾਲਿਆਂ ਨੂੰ ਸਖਤ ਹਦਾਇਤਾਂ ਕੀਤੀਆਂ ਕਿ ਉਹ ਆਪਣੀਆਂ ਦੁਕਾਨਾਂ ਦੇ ਬਾਹਰੋਂ ਨਜਾਇਜ਼ ਕਬਜ਼ਿਆਂ ਨੂੰ ਹਟਾ ਲੈਣ।

ਕੁਝ ਦੁਕਾਨਦਾਰਾਂ ਨੇ ਆਪਣੀਆਂ ਦੁਕਾਨਾਂ ਦੇ ਬਾਹਰ ਲੱਗੇ ਬੋਰਡ ਅਤੇ ਸ਼ੈਡ ਪ੍ਰਸ਼ਾਸਨ ਦੀ ਦਿੱਤੀ ਗਈ ਜਗ੍ਹਾ ਅਨੁਸਾਰ ਲਗਾ ਦਿੱਤਾ ਗਿਆ ਅਤੇ ਜੋ ਨਜਾਇਜ਼ ਸੀ ਉਸ ਨੂੰ ਹਟਾ ਦਿੱਤਾ ਗਿਆ। ਪਰ ਉਸ ਦੇ ਬਾਵਜੂਦ ਕੁਝ ਰੇਹੜੀ ਚਾਲਕਾਂ ਅਤੇ ਫੜ੍ਹੀ ਵਾਲਿਆਂ ਵੱਲੋਂ ਪ੍ਰਸ਼ਾਸਨ ਦੇ ਹੁਕਮਾਂ ਨੂੰ ਟਿੱਚ ਸਮਝਦੇ ਹੋਏ ਅਤੇ ਕਾਨੂੰਨ ਦੀ ਉਲੰਘਣਾ ਕਰਦਿਆਂ ਸ਼ਹਿਰ 'ਚ ਵੱਖ-ਵੱਖ ਥਾਵਾਂ 'ਤੇ ਨਜਾਇਜ਼ ਤਰੀਕੇ ਨਾਲ ਪਹਿਲਾਂ ਦੀ ਤਰ੍ਹਾਂ ਰੇਹੜੀਆਂ ਨੂੰ ਲਗਾ ਕੇ ਆਉਣ ਜਾਣ ਵਾਲੇ ਲੋਕਾਂ ਨੂੰ ਤੰਗੀ ਅਤੇ ਪਰੇਸ਼ਾਨੀ 'ਚ ਪਾਇਆ ਜਾ ਰਿਹਾ। ਪੁਲਸ ਥਾਣਾ ਕਾਦੀਆਂ ਤੋਂ ਸਥਾਨਕ ਨੂਰ ਹਸਪਤਾਲ ਅਤੇ ਛੋਟਾ ਬਿਜਲੀ ਘਰ ਚੌਕ ਅਤੇ ਪ੍ਰਭਾਕਰ ਚੌਕ ਸਮੇਤ ਬੱਸ ਸਟੈਂਡ ਅਤੇ ਹੋਰਨਾਂ ਥਾਵਾਂ 'ਤੇ ਨਜਾਇਜ਼ ਤਰੀਕੇ ਨਾਲ ਲੱਗੀਆਂ ਰੇਹੜੀਆਂ ਕਾਰਨ ਰਾਹਗੀਰਾਂ ਅਤੇ ਐਂਬੂਲੈਂਸ ਚਾਲਕਾਂ ਸਮੇਤ ਸਕੂਲੀ ਵਿਦਿਆਰਥੀਆਂ ਨੂੰ ਰੋਜ਼ਾਨਾ ਹੀ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ। ਪ੍ਰਸ਼ਾਸਨ ਦੀ ਵੱਡੀ ਕਾਰਵਾਈ ਤੋਂ ਬਾਅਦ ਵੀ ਸ਼ਹਿਰ ਕਾਦੀਆਂ ਦੇ 'ਚ ਨਜਾਇਜ਼ ਕਬਜ਼ੇ ਜਿਉਂ ਦੇ ਤਿਉਂ ਹਨ। ਕੁਝ ਲੋਕਾਂ ਨੇ ਆਪਣਾ ਨਾਂਅ ਗੁਪਤ ਰੱਖਣ ਦੀ ਸੂਰਤ ਵਿੱਚ ਦੱਸਿਆ ਕਿ ਜਦੋਂ ਅਸੀਂ ਇਨ੍ਹਾਂ ਰੇਹੜੀ ਚਾਲਕਾਂ ਦੇ ਨਾਲ ਗੱਲਬਾਤ ਕਰਦੇ ਹਾਂ ਕਿ ਤੁਸੀਂ ਇਹ ਰੇਹੜੀ ਗਲਤ ਜਗ੍ਹਾ 'ਤੇ ਲਗਾਈ ਹੈ ਤਾਂ ਰੇਹੜੀ ਚਾਲਕ ਲੋਕਾਂ ਦੇ ਨਾਲ ਬਹਿਸਬਾਜ਼ੀ ਕਰਦੇ ਹਨ। ਅਤੇ ਉੱਤੋਂ ਕਹਿੰਦੇ ਹਨ ਕਿ ਤੁਸੀਂ ਜੋ ਕਰਨਾ ਕਰ ਲਓ।

ਇਲਾਕੇ ਦੇ ਮੁਹਤਬਰ ਵਿਅਕਤੀਆਂ ਸਮੇਤ ਸਮਾਜ ਸੇਵਕਾਂ ਸਮੇਤ ਇੰਟਰਨੈਸ਼ਨਲ ਹਿਊਮਨ ਰਾਈਟ ਡਿਫੈਂਡਰਸ ਪੰਜਾਬ ਮੀਡੀਆ ਇੰਚਾਰਜ ਗੁਰਪ੍ਰੀਤ ਸਿੰਘ ਨੇ ਜ਼ਿਲ੍ਹਾ ਪ੍ਰਸ਼ਾਸਨ ਦੇ ਕੋਲੋਂ ਮੰਗ ਕੀਤੀ ਹੈ ਕਿ ਇਨ੍ਹਾਂ ਨਜਾਇਜ਼ ਕਬਜ਼ਿਆਂ ਨੂੰ ਹਟਾਇਆ ਜਾਵੇ ਤਾਂ ਜੋ ਆਉਣ ਜਾਣ ਵਾਲੇ ਰਾਹਗੀਰ ਸਕੂਲੀ ਵਿਦਿਆਰਥੀ ਅਤੇ ਐਂਬੂਲੈਂਸ ਚਾਲਕ ਸੁੱਖ ਦਾ ਸਾਹ ਲੈ ਸਕਣ। ਇਸ ਮਾਮਲੇ ਸਬੰਧੀ ਜਦੋਂ ਏ ਡੀ ਸੀ ਗੁਰਦਾਸਪੁਰ ਹਰਜਿੰਦਰ ਸਿੰਘ ਬੇਦੀ ਨਾਲ ਫੋਨ 'ਤੇ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਨਾਲ ਸੰਪਰਕ ਨਹੀਂ ਹੋ ਸਕਿਆ।

ਜਥੇਬੰਦੀਆਂ ਦੇ ਵਿਰੋਧ ਅੱਗੇ ਝੁਕਿਆ ਪ੍ਰਸ਼ਾਸਨ, ਰੇਤ ਦੀ ਖੱਡ ਬੰਦ

* ਗ੍ਰਿਫ਼ਤਾਰ ਕੀਤੇ ਕਿਸਾਨ ਬਿਨਾਂ ਸ਼ਰਤ ਰਿਹਾਅ ਕੀਤੇ

ਪੱਟੀ (ਸ਼ਮਸ਼ੇਰ ਸਿੰਘ (ਯੋਧਾ)-ਬੀਤੇ ਕੱਲ੍ਹ ਇਲਾਕੇ ਦੇ ਪਿੰਡ ਸਭਰਾ ਅੰਦਰ ਰੇਤਾ ਦੀ ਮਾਈਨਿੰਗ ਨੂੰ ਰੋਕਣ ਲਈ ਪ੍ਰਦਰਸ਼ਨ ਕਰਦੇ ਦਰਜਨ ਤੋਂ ਵੱਧ ਕਿਸਾਨਾਂ ਨੂੰ ਪੁਲਿਸ ਵੱਲੋਂ ਪਰਚਾ ਦਰਜ ਕਰਕੇ ਜੇਲ੍ਹ ਭੇਜਿਆ ਗਿਆ ਸੀ। ਇਸ ਦਾ ਵਿਰੋਧ ਕਰਦਿਆਂ ਅੱਜ ਪਿੰਡ ਸਭਰਾ ਅੰਦਰ ਕਿਸਾਨਾਂ ਦੀਆਂ ਪੰਜ ਜਨਤਕ ਜਥੇਬੰਦੀਆਂ ਵੱਲੋਂ ਸਾਂਝੀ ਮੀਟਿੰਗ ਕਰਕੇ ਸਰਕਾਰ ਅਤੇ ਹਲਕੇ ਦੇ ਮੰਤਰੀ ਲਾਲਜੀਤ ਸਿੰਘ ਭੁੱਲਰ ਦੇ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਗਈ।ਮੀਟਿੰਗ ਦੌਰਾਨ ਕਿਸਾਨਾਂ ਨੇ ਆਪਣੀ ਰਾਖ਼ੀ ਆਪ ਕਰਨ ਦਾ ਨਾਅਰਾ ਦਿੰਦਿਆਂ ਪੁਲਿਸ ਤਾਕਤ ਨਾਲ ਚਲਾਈ ਗਈ ਰੇਤਾ ਦੀ ਮਾਈਨਿੰਗ ਨੂੰ ਮੁਕੰਮਲ ਬੰਦ ਕਰਵਾ ਦਿੱਤਾ ਗਿਆ।ਜਨਤਕ ਜਥੇਬੰਦੀਆਂ ਦੇ ਆਗੂ ਸੁਖਵਿੰਦਰ ਸਿੰਘ ਸਭਰਾ ਹੜ ਪੀੜਤ ਕਿਸਾਨ ਜਥੇਬੰਦੀ ਦੇ ਸੂਬਾ ਪ੍ਰਧਾਨ ਜਸਬੀਰ ਸਿੰਘ ਆਹਲੂਵਾਲੀਆ, ਸੋਹਣ ਸਿੰਘ ਸਭਰਾ, ਸਾਹਿਬ ਸਿੰਘ ਸਭਰਾ, ਗੁਰਵਿੰਦਰ ਸਿੰਘ ਆਦਿ ਆਗੂਆਂ ਨੇ ਪੁਲਿਸ ਪ੍ਰਸ਼ਾਸਨ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਪੁਲੀਸ ਵੱਲੋਂ ਗ੍ਰਿਫ਼ਤਾਰ ਕੀਤੇ ਗਏ ਕਿਸਾਨਾਂ ਨੂੰ ਬਿਨ੍ਹਾਂ ਸ਼ਰਤ ਰਿਹਾਅ ਨਾ ਕੀਤਾ ਗਿਆ ਤਾਂ ਜਨਤਕ ਜਥੇਬੰਦੀਆਂ ਸਰਕਾਰ ਖ਼ਿਲਾਫ਼ ਜਨਤਕ ਸੰਘਰਸ਼ ਕਰਨ ਤੋਂ ਗ਼ੁਰੇਜ਼ ਨਹੀਂ ਕਰਨਗੀਆਂ।ਇਸ ਮੌਕੇ ਕਿਸਾਨਾਂ ਨੇ ਕਿਹਾ ਉਹ ਸਰਕਾਰ ਅਤੇ ਹਲਕੇ ਦੇ ਮੰਤਰੀ ਦੇ ਕਰਿੰਦਿਆਂ ਨੂੰ ਪਿੰਡ ਸਭਰਾ ਅੰਦਰ ਰੇਤਾ ਦੀ ਨਾਜਾਇਜ਼ ਮਾਈਨਿੰਗ ਨਹੀਂ ਕਰਨ ਦੇਣਗੇ।ਕਿਸਾਨ ਆਗੂਆਂ ਨੇ ਕਿਹਾ ਕਿ ਇਲਾਕੇ ਅੰਦਰ ਗੈਂਗਸਟਰਾਂ ਵੱਲੋਂ ਲੁੱਟਾਂ,ਖੋਹਾਂ ਤੇ ਫਿਰੌਤੀਆਂ ਮੰਗ ਕੇ ਲੋਕਾਂ ਦਾ ਉਜਾੜਾ ਕੀਤਾ ਜਾ ਰਿਹਾ ਹੈ, ਉੱਥੇ ਸਰਕਾਰ ਵੱਲੋਂ ਆਪਣੇ ਇਲਾਕੇ ਅੰਦਰ ਪੁਲਿਸ ਦੀ ਮਦਦ ਨਾਲ ਆਪਣੇ ਕਰਿੰਦਿਆਂ ਦੁਆਰਾ ਦਿਨ ਦੀਵੀ ਰੇਤਾਂ ਦੀ ਮਾਈਨਿੰਗ ਕਰਵਾਕੇ ਆਪਣੀਆਂ ਜੇਬਾਂ ਭਰੀਆਂ ਜਾ ਰਹੀਆਂ ਹਨ।ਕਿਸਾਨਾਂ ਦੇ ਰੋਹ ਅੱਗੇ ਝੁਕਦਿਆਂ ਪ੍ਰਸ਼ਾਸਨ ਵੱਲੋਂ ਗ੍ਰਿਫ਼ਤਾਰ ਕੀਤੇ ਗਏ ਦਰਜਨ ਤੋਂ ਵੱਧ ਕਿਸਾਨਾਂ ਨੂੰ ਸਬ ਜੇਲ੍ਹ ਪੱਟੀ ਅੰਦਰੋਂ ਦੇਰ ਸ਼ਾਮ ਤੱਕ ਰਿਹਾਅ ਕਰ ਦਿੱਤਾ ਗਿਆ।ਕਿਸਾਨ ਜਥੇਬੰਦੀਆਂ ਦੇ ਆਗੂਆਂ ਵੱਲੋਂ ਜੇਲ੍ਹ ਚ ਰਿਹਾਅ ਹੋਏ ਕਿਸਾਨਾਂ ਦਾ ਹਾਰ ਪਾ ਕੇ ਸਵਾਗਤ ਕੀਤਾ ਗਿਆ।ਇਸ

ਮੌਕੇ ਜ਼ਿਲ੍ਹਾ ਪ੍ਰਧਾਨ ਜੱਜਵਿੰਦਰ ਸਿੰਘ ਸਭਰਾ, ਮੁੱਖ ਬੁਲਾਰਾ ਬਾਬਾ ਸਾਰਜ ਸਿੰਘ, ਸਤਨਾਮ ਸਿੰਘ ਮਾਣੋਚਾਹਲ, ਰੇਸ਼ਮ ਸਿੰਘ ਘੁਰਕਵਿੰਡ, ਕਰਮਜੀਤ ਸਿੰਘ ਸਭਰਾ, ਜਤਿੰਦਰ ਸਿੰਘ ਬੱਗਾ, ਗੁਰਭੇਜ ਸਿੰਘ ਧਾਰੀਵਾਲ, ਸਤਨਾਮ ਸਿੰਘ ਸਭਰਾ, ਜਜਵਿੰਦਰ ਸਿੰਘ ਸਭਰਾ, ਮੁਖਤਾਰ ਸਿੰਘ ਸਭਰਾ, ਜਗਜੀਤ ਸਿੰਘ ਬੱਬੂ, ਬਾਬਾ ਸਾਰਜ ਸਿੰਘ ਸਭਰਾ, ਬਲਕਾਰ ਸਿੰਘ ਸਭਰਾ ਆਦਿ ਹਾਜ਼ਰ ਸਨ।

ਕੁੜੀਆਂ ਨੂੰ ਬੀ ਏ ਤੱਕ ਵਿੱਦਿਆ ਮੁਫ਼ਤ ਤੇ ਯਕੀਨੀ ਦਿੱਤੀ ਜਾਵੇ : ਰਜਿੰਦਰਪਾਲ, ਰੁਪਿੰਦਰ

ਭਿੱਖੀਵਿੰਡ-ਪੰਜਾਬ ਇਸਤਰੀ ਸਭਾ ਦੀ ਸੂਬਾ ਪ੍ਰਧਾਨ ਰਜਿੰਦਰ ਪਾਲ ਕੌਰ ਤੇ ਇਸਤਰੀ ਸਭਾ ਦੀ ਸੂਬਾਈ ਸੀਨੀਅਰ ਮੀਤ ਪ੍ਰਧਾਨ ਰੁਪਿੰਦਰ ਕੌਰ ਮਾੜੀਮੇਘਾ ਨੇ ਸਾਂਝਾ ਬਿਆਨ ਜਾਰੀ ਕਰਦਿਆਂ ਕਿਹਾ ਕਿ ਪੰਜਾਬ ਇਸਤਰੀ ਸਭਾ 8 ਮਾਰਚ ਨੂੰ ਔਰਤਾਂ ਦੇ ਕੌਮਾਂਤਰੀ ਦਿਹਾੜੇ 'ਤੇ ਜ਼ਿਲ੍ਹਾ ਪੱਧਰ ਦਾ ਸਮਾਗਮ ਸੀ ਪੀ ਆਈ ਬਲਾਕ ਭਿੱਖੀਵਿੰਡ ਤੇ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਏਟਕ ਦੇ ਸਹਿਯੋਗ ਨਾਲ ਭਿੱਖੀਵਿੰਡ ਅੱਡੇ 'ਤੇ ਕਰ ਰਹੀ ਹੈ। ਇਸ ਸਮਾਗਮ ਦੀਆਂ ਮੁੱਖ ਮੰਗਾਂ ਹਨ ਕਿ ਔਰਤਾਂ ਨੂੰ ਸਮਾਜ ਵਿੱਚ ਆਦਮੀ ਦੇ ਬਰਾਬਰ ਹੱਕ ਮਿਲਣੇ ਚਾਹੀਦੇ ਹਨ। ਕੁੜੀਆਂ ਨੂੰ ਬੀ ਏ ਤੱਕ ਵਿੱਦਿਆ ਮੁਫ਼ਤ ਤੇ ਯਕੀਨੀ ਮਿਲੇ। ਪੰਜਾਬ ਸਰਕਾਰ ਨੇ ਪੰਜਾਬ ਰੋਡਵੇਜ਼ ਦੀਆਂ ਬੱਸਾਂ ਵਿੱਚ ਔਰਤਾਂ ਦਾ ਸਫ਼ਰ ਤਾਂ ਮੁਫ਼ਤ ਕਰ ਦਿੱਤਾ ਹੈ ਪਰ ਡਰਾਈਵਰ ਤੇ ਕੰਡਕਟਰਾਂ ਦੀ ਘਾਟ ਕਰਕੇ ਬੱਸਾਂ ਰੂਟਾਂ 'ਤੇ ਘੱਟ ਚੱਲ ਰਹੀਆਂ ਹਨ, ਜਿਸ ਕਰਕੇ ਔਰਤਾਂ ਦੀ ਖੱਜਲ ਖੁਆਰੀ ਹੋ ਰਹੀ ਹੈ। ਇਸ ਲਈ ਸਰਕਾਰ ਡਰਾਈਵਰ ਤੇ ਕੰਡਕਟਰਾਂ ਦੀ ਭਰਤੀ ਕਰਕੇ ਇਹ ਘਾਟ ਪੂਰੀ ਕਰੇ। ਅਫ਼ਸਰਸ਼ਾਹੀ ਤੇ ਮੁਲਾਜ਼ਮ ਨਰੇਗਾ ਕਾਮਿਆਂ ਨੂੰ ਕੰਮ ਮੰਗਣ 'ਤੇ ਰੁਜ਼ਗਾਰ ਨਹੀਂ ਦਿੰਦੇ, ਜੇ ਦਿੰਦੇ ਹਨ ਤੇ ਬਹੁਤ ਦੂਰ ਦੇ ਦਿੰਦੇ ਹਨ। ਉਥੇ ਪਹੁੰਚਣ 'ਤੇ ਨਰੇਗਾ ਕਾਮਿਆਂ ਦੀ ਅੱਧੀ ਦਿਹਾੜੀ ਦਾ ਕਰਾਇਆ ਹੀ ਲੱਗ ਜਾਂਦਾ ਹੈ। ਇਸ ਲਈ ਨਰੇਗਾ ਕਾਮਿਆਂ ਨੂੰ ਆਪਣੇ ਪਿੰਡਾਂ ਦੇ ਨਜ਼ਦੀਕ ਕੰਮ ਦਿੱਤਾ ਜਾਵੇ। ਜਦੋਂ ਨਰੇਗਾ ਕਾਮੇ ਕੰਮ ਕਰ ਲੈਂਦੇ ਹਨ ਫਿਰ ਖਾਤਿਆਂ ਵਿੱਚ ਪੈਸੇ ਜਲਦੀ ਨਹੀਂ ਪਾਏ ਜਾਂਦੇ। ਖਾਤਿਆਂ ਵਿੱਚ ਕੀਤੇ ਹੋਏ ਕੰਮ ਦੇ ਬਰਾਬਰ ਪੈਸੇ ਨਹੀਂ ਪਾਏ ਜਾਂਦੇ। ਉਹ ਪੈਸਾ ਅਫ਼ਸਰਸ਼ਾਹੀ ਡਕਾਰ ਜਾਂਦੀ ਹੈ। ਆਗੂਆਂ ਕਿਹਾ ਕਿ ਬੜੀ ਹੈਰਾਨੀ ਹੈ ਕਿ ਨਰੇਗਾ ਅਫਸਰ ਇਤਿਹਾਸਕ ਪਿੰਡ ਮਾੜੀ ਕੰਬੋਕੇ ਦੇ ਨਰੇਗਾ ਕਾਮਿਆਂ ਨੂੰ ਕੰਮ ਇਸ ਕਰਕੇ ਨਹੀਂ ਦਿੰਦੇ ਕਿ ਉਸ ਪਿੰਡ ਦੇ ਕਿਸਾਨ ਕਹਿੰਦੇ ਕਿ ਇਨ੍ਹਾਂ ਨੇ ਪਾਰਲੀਮੈਂਟ ਚੋਣਾਂ ਸਮੇਂ ਵੋਟਾਂ ਬੀ ਜੇ ਪੀ ਨੂੰ ਪਾਈਆਂ ਹਨ। ਇਹ ਸਰਾਸਰ ਨਰੇਗਾ ਕਾਮਿਆਂ ਨਾਲ ਬੇਇਨਸਾਫ਼ੀ ਹੈ। ਇਸ ਲਈ ਡਿਪਟੀ ਕਮਿਸ਼ਨਰ ਏਧਰ ਖਾਸ ਧਿਆਨ ਦੇਵੇ।ਆਗੂਆਂ ਨੇ ਜ਼ਿਲ੍ਹਾ ਭਰ ਦੀਆਂ ਔਰਤਾਂ ਨੂੰ ਔਰਤ ਦਿਵਸ 'ਤੇ ਹੋ ਰਹੇ ਸਮਾਗਮ ਵਿੱਚ ਪਹੁੰਚਣ ਦੀ ਅਪੀਲ ਕੀਤੀ ਹੈ।

ਹਰਿਆਣਾ ਵਿਧਾਨ ਸਭਾ ਦੇ ਮੈਂਬਰਾਂ ਲਈ ਓਰਿਅਨਟੇਸ਼ਨ ਪ੍ਰੋਗਰਾਮ ਅੱਜ ਤੋਂ

ਚੰਡੀਗੜ੍ਹ (ਕ੍ਰਿਸ਼ਨ ਗਰਗ)-ਹਰਿਆਣਾ ਵਿਧਾਨ ਸਭਾ ਸਪੀਕਰ ਸ੍ਰੀ ਹਰਵਿੰਦਰ ਕਲਿਆਣ ਦੇ ਅਣਥੱਕ ਯਤਨਾਂ ਨਾਲ ਹਰਿਆਣਾ ਵਿਧਾਨਸਭਾ ਵੱਲੋਂ ਵਿਧਾਨ ਸਭਾ ਦੇ ਮੈਂਬਰਾਂ ਲਈ ਦੋ ਦਿਨਾਂ ਓਰਿਅਨਟੇਸ਼ਨ ਪ੍ਰੋਗਰਾਮ ਅੱਜ 14 ਫਰਵਰੀ ਤੋਂ ਸ਼ੁਰੂ ਹੋਵੇਗਾ। ਪ੍ਰੋਗਰਾਮ ਦਾ ਉਦਘਾਟਨ ਲੋਕ ਸਭਾ ਦੇ ਸਪੀਕਰ ਸ੍ਰੀ ਓਮ ਬਿਰਲਾ ਕਰਨਗੇ।ਰਾਜਸਭਾ ਦੇ ਡਿਪਟੀ ਚੇਅਰਮੈਨ ਸ੍ਰੀ ਹਰਿਵੰਸ਼ 15 ਫਰਵਰੀ, 2025 ਨੂੰ ਇਸ ਪ੍ਰੋਗਰਾਮ ਦਾ ਸਮਾਪਨ ਕਰਨਗੇ।ਇਸ ਦੋ ਦਿਨਾਂ ਓਰਿਅਨਟੇਸ਼ਨ ਪ੍ਰੋਗਰਾਮ ਵਿਚ ਹਰਿਆਣਾ ਦੇ ਸਾਰੇ ਕੈਬੀਨੇਟ ਮੰਤਰੀ, ਰਾਜ ਮੰਤਰੀ ਤੇ ਸਾਂਸਦ ਵੀ ਮੌਜੂਦ ਰਹਿਣਗੇ।

ਬੈਕਫਿੰਕੋ ਵੱਲੋਂ ਭਲਕੇ ਲਗਾਇਆ ਜਾਵੇਗਾ ਜਾਗਰੂਕਤਾ ਕੈਂਪ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)—ਚੇਅਰਮੈਨ, ਬੈਕਫਿੰਕੋ, ਸੰਦੀਪ ਸੈਣੀ ਦੇ ਦਿਸ਼ਾ-ਨਿਰਦੇਸ਼ਾਂ 'ਤੇ ਬੈਕਫਿੰਕੋ ਅਤੇ ਐੱਸ. ਸੀ. ਕਾਰਪੋਰੇਸ਼ਨ, ਹੁਸ਼ਿਆਰਪੁਰ ਵੱਲੋਂ ਪਿੰਡ ਬਜਵਾੜਾ ਕਲਾਂ ਵਿਖੇ ਜਾਗਰੂਕਤਾ ਕੈਂਪ ਆਯੋਜਿਤ ਕੀਤਾ ਜਾ ਰਿਹਾ ਹੈ।ਇਹ ਕੈਂਪ 15 ਫਰਵਰੀ ਨੂੰ ਸ਼ਾਮ 4 ਵਜੇ ਸ਼ੁਰੂ ਹੋਵੇਗਾ। ਬੁਲਾਰੇ ਨੇ ਦੱਸਿਆ ਕਿ ਇਸ ਜਾਗਰੂਕਤਾ ਕੈਂਪ ਦਾ ਉਦੇਸ਼ ਪੰਜਾਬ ਸਰਕਾਰ ਵੱਲੋਂ ਚਲਾਈਆਂ ਸਕੀਮਾਂ ਬਾਰੇ ਲੋਕਾਂ ਨੂੰ ਜਾਣੂ ਕਰਵਾਉਣ ਅਤੇ ਲਾਭਪਾਤਰੀਆਂ ਨੂੰ ਸਿੱਧਾ ਲਾਭ ਪਹੁੰਚਾਉਣਾ ਹੈ।ਉਨ੍ਹਾਂ ਦੱਸਿਆ ਕਿ ਇਸ ਕੈਂਪ ਵਿੱਚ ਪੱਛੜੀਆਂ ਸ਼੍ਰੇਣੀਆਂ, ਅਨੁਸੂਚਿਤ ਜਾਤੀਆਂ, ਘੱਟ ਗਿਣਤੀ, ਆਰਥਿਕ ਤੌਰ 'ਤੇ ਕਮਜ਼ੋਰ ਵਰਗ ਨੂੰ ਸਸਤੇ ਵਿਆਜ ਦਰਾਂ 'ਤੇ ਕਰਜ਼ਾ ਲੈਣ ਦੀ ਸਹੂਲਤ ਦਿੱਤੀ ਜਾਵੇਗੀ।ਇਸ ਤੋਂ ਇਲਾਵਾ ਬੇਰੋਜ਼ਗਾਰ ਯੁਵਕਾਂ ਲਈ ਸਵੈ-ਰੋਜ਼ਗਾਰ ਮੌਕਿਆਂ ਦੀ ਜਾਣਕਾਰੀ ਅਤੇ ਮੌਕੇ 'ਤੇ ਹੀ ਕਰਜ਼ਾ ਫਾਰਮ ਭਰਨ ਦੀ ਸਹੂਲਤ ਦਿੱਤੀ ਜਾਵੇਗੀ।ਉਨ੍ਹਾਂ ਇਸ ਕੈਂਪ ਵਿੱਚ ਵੱਧ ਤੋਂ ਵੱਧ ਲੋਕਾਂ ਨੂੰ ਸ਼ਾਮਲ ਹੋਣ ਦੀ ਅਪੀਲ ਕਰਦਿਆਂ ਪੰਜਾਬ ਸਰਕਾਰ ਵੱਲੋਂ ਚਲਾਈਆਂ ਭਲਾਈ ਸਕੀਮਾਂ ਦਾ ਲਾਭ ਉਠਾਉਣ ਲਈ ਕਿਹਾ।

ਜੈਤੋ ਪੁਲਸ ਨੇ ਭਾਰਤੀ ਲੋਕਤੰਤਰ ਦਾ ਜਨਾਜ਼ਾ ਕੱਢ ਕੇ ਰੱਖ ਦਿੱਤਾ : ਬੇਗਮਪੁਰਾ ਟਾਈਗਰ ਫੋਰਸ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ) ਬੇਗਮਪੁਰਾ ਟਾਈਗਰ ਫੋਰਸ ਦੇ ਕੌਮੀ ਚੇਅਰਮੈਨ ਤਰਸੇਮ ਦੀਵਾਨਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਬੇਗਮਪੁਰਾ ਟਾਈਗਰ ਫੋਰਸ ਦੇ ਕੌਮੀ ਉੱਪ ਚੇਅਰਮੈਨ ਕ੍ਰਿਸ਼ਨ ਲਾਲ ਬਈਏਵਾਲ ਤੇ ਫੋਰਸ ਦੇ ਕੌਮੀ ਪ੍ਰਧਾਨ ਧਰਮ ਪਾਲ ਸਾਹਨੇਵਾਲ ਨੇ ਕਿਹਾ ਕਿ ਜੈਤੋ ਨੇੜੇ ਪੈਂਦੇ ਪਿੰਡ ਚੰਦ ਭਾਨ ਵਿਖੇ ਐਸ ਸੀ ਸਮਾਜ ਉੱਪਰ ਸਿਆਸੀ ਪੁਸ਼ਤ ਪਨਾਹੀ ਹੇਠ ਪਿੰਡ ਦੇ ਇੱਕ ਜਗੀਰਦਾਰ ਵੱਲੋਂ ਕੀਤੀ ਗਈ ਫਾਇਰਿੰਗ ਅਤੇ ਜੈਤੋ ਪੁਲਿਸ ਵੱਲੋਂ ਐਸਸੀ ਸਮਾਜ 'ਤੇ ਕੀਤੇ ਗਏ ਬੇਤਹਾਸ਼ਾ ਲਾਠੀਚਾਰਜ ਨੇ ਭਾਰਤੀ ਲੋਕਤੰਤਰ ਦਾ ਜਨਾਜ਼ਾ ਕੱਢ ਕੇ ਰੱਖ ਦਿੱਤਾ ਹੈ।ਉਹਨਾਂ ਕਿਹਾ ਕਿ ਨਾਲੀ ਦੇ ਪਾਣੀ ਦੇ ਨਿਕਾਸ ਦੇ ਬਹਾਨੇ ਹੇਠ ਮਜ਼ਦੂਰਾਂ ਨੂੰ ਸਬਕ ਸਿਖਾਉਣ ਲਈ ਪਿੰਡ ਦੇ ਹੀ ਇੱਕ ਸ਼ੈਲਰ ਦੇ ਮਾਲਕ, ਹਲਕੇ ਦੇ ਐਮ ਐਲ ਏ ਤੇ ਜੈਤੋ ਦੇ ਥਾਣਾ ਮੁਖੀ ਦੀ ਕਥਿਤ ਭੂਮਿਕਾ ਨੇ ਇਨਸਾਫ਼ ਤੇ ਕਾਨੂੰਨ ਨੂੰ ਖ਼ੂਹ ਵਿੱਚ ਧੱਕਾ ਦੇ ਦਿੱਤਾ ਅਤੇਜ਼ਜਮੂਹਰੀ ਜੱਥੇਬੰਦੀਆਂ ਨੂੰ ਸੰਘਰਸ਼ ਦੇ ਮੈਦਾਨ ਵਿੱਚ ਡੱਟਣ ਲਈ ਮਜ਼ਬੂਰ ਕਰ ਦਿੱਤਾ ਹੈ।ਉਹਨਾਂ ਪੁਲਿਸ ਅਧਿਕਾਰੀਆਂ ਦੀ ਭੂਮਿਕਾ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਕਿਹਾ ਕਿ ਥਾਣਾ ਮੁਖੀ ਵੱਲੋਂ ਸੀਨੀਅਰ ਅਧਿਕਾਰੀਆਂ ਦੀ ਪ੍ਰਵਾਹ ਕੀਤੇ ਬਿਨਾਂ ਮਜ਼ਦੂਰਾਂ 'ਤੇ ਅਣਮਨੁੱਖੀ ਅੱਤਿਆਚਾਰ ਕੀਤਾ ਗਿਆ। ਪੁਲਿਸ ਮੁਲਾਜਮਾਂ ਵੱਲੋਂ ਐਸਸ

13 Feb Page - 12.qxd 2/13/2025 11:33 PM Page 1

ਸਾਹਿਲ ਮਿਸਟਰ ਤੇ ਅਮਨਦੀਪ ਮਿਸ ਫੇਅਰਵੈੱਲ ਬਣੇ

ਸੁਲਤਾਨਪੁਰ ਲੋਧੀ (ਹਨੀ)- ਐੱਸ.ਡੀ. ਮਾਡਲ ਸੀਨੀਅਰ ਸੈਕੰਡਰੀ ਸਕੂਲ ਵਿਖੇ 12ਵੀਂ ਦੇ ਵਿਦਿਆਰਥੀਆਂ ਨੂੰ ਨਿੱਘੀ ਵਿਦਾਇਗੀ ਪਾਰਟੀ ਦੇਣ ਸਬੰਧੀ ਇਕ ਪ੍ਰਭਾਵਸ਼ਾਲੀ ਸਮਾਗਮ ਦਾ ਆਯੋਜਨ ਕੀਤਾ ਗਿਆ। ਪ੍ਰਿੰਸੀਪਲ ਕਰਨਜੀਤ ਸਿੰਘ ਦਾ ਸਮਾਗਮ ਵਿਚ ਬਤੌਰ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨ 'ਤੇ ਵਿਦਿਆਰਥੀਆਂ ਤੇ ਸਟਾਫ਼ ਮੈਂਬਰਾਂ ਵਲੋਂ ਜ਼ੋਰਦਾਰ ਸਵਾਗਤ ਕੀਤਾ ਤੇ ਇਕ ਸ਼ਾਨਦਾਰ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ, ਜਿਸ ਦਾ ਆਗਾਜ਼ ਪ੍ਰਿੰਸੀਪਲ ਕਰਨਜੀਤ ਸਿੰਘ, ਵਾਇਸ ਪ੍ਰਿੰਸੀਪਲ ਪੂਨਮ ਧੀਰ ਅਤੇ ਸਟਾਫ਼ ਮੈਂਬਰਾਂ ਸ਼ਮ੍ਹਾਂ ਰੌਸ਼ਨ ਕਰਦਿਆਂ ਕੀਤਾ । ਸੀਨੀਅਰਜ਼ ਦਰਮਿਆਨ ਆਯੋਜਿਤ ਮਾਡਲਿੰਗ ਸ਼ੋਅ ਸਮਾਗਮ ਦਾ ਮੁੱਖ ਆਕਰਸ਼ਣ ਰਿਹਾ, ਜਿਸ ਵਿਚ ਵਿਦਿਆਰਥੀਆਂ ਵੱਡੀ ਗਿਣਤੀ ਵਿੱਚ ਹਿੱਸਾ ਲਿਆ । ਵੱਖ ਵੱਖ ਰਾਊਂਡ 'ਚੋਂ ਗੁਜ਼ਰਦਿਆਂ ਸਾਹਿਲ ਚਾਵਲਾ ਮਿਸਟਰ ਅਤੇ ਅਮਨਦੀਪ ਕੌਰ ਮਿਸ ਫੇਅਰਵੈੱਲ ਦਾ ਖ਼ਿਤਾਬ ਹਾਸਲ ਕਰਨ 'ਚ ਸਫਲ ਰਹੇ । ਮਿਸਟਰ ਬੈਸਟ ਸਟੂਡੈਂਟ ਕ੍ਰਿਸ਼ਨਾ ਠਾਕੁਰ, ਮਿਸਟਰ ਟਰਬੀਨੇਟਰ ਲਵੀ ਧਵਨ ਅਤੇ ਫਸਟ ਰਨਰਅਪ ਨਮਿਸ਼ ਨੂੰ ਚੁਣਿਆ ਗਿਆ। ਇਸੇ

ਤਰ੍ਹਾਂ ਮਿਸ ਅਲਵਰਿੰਗ ਮਾਨਸੀ ਠਾਕੁਰ, ਮਿਸ ਡੈਜਲਿੰਗ ਸੁਨੀਧੀ, ਬਿਊਟੀਫੁੱਲ ਸਮਾਇਲ ਸਮਰਦੀਪ ਕੌਰ ਅਤੇ ਫਸਟ ਰਨਰਅਪ ਸੁਨਿਧੀ ਨੂੰ ਚੁਣਿਆ ਗਿਆ। ਪ੍ਰਿੰਸੀਪਲ ਕਰਨਜੀਤ ਸਿੰਘ ਨੇ ਵਿਦਿਆਰਥੀਆਂ ਨੂੰ ਆਸ਼ੀਰਵਾਦ ਦਿੰਦੇ ਹੋਏ ਕਿਹਾ ਕਿ ਸਾਡੇ ਵਿਦਿਆਰਥੀ ਜਿੰਦਗੀ ਦੇ ਸਫਰ ਦੇ ਇਕ ਪੜ੍ਹਾਅ ਨੂੰ ਪਾਰ ਕਰਕੇ ਆਪਣੇ ਅਗਲੇ ਪੜਾਅ 'ਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਜੀਵਨ 'ਚ ਨਵੇਂ ਪੜਾਅ ਰਾਹੀ ਜਿੱਥੇ ਨੌਜਵਾਨ ਆਪਣੇ ਕੈਰੀਅਰ ਨੂੰ ਸੰਵਾਰਨਗੇ, ਉੱਥੇ ਉਹ ਜਿੰਦਗੀ 'ਚ ਹੋਰ ਬੁਲੰਦੀਆਂ 'ਤੇ ਪਹੁੰਚ ਕੇ ਅਦਾਰੇ ਤੇ ਮਾਪਿਆਂ ਦਾ ਨਾਂਅ ਰੋਸ਼ਨ ਕਰਨਗੇ । ਸਮਾਗਮ ਦੇ ਅੰਤ ਵਿਚ ਜੇਤੂ ਵਿਦਿਆਰਥੀਆਂ ਨੂੰ ਯਾਦਗਾਰੀ ਚਿੰਨ ਦੇ ਸਨਮਾਨਤ ਕੀਤਾ ਗਿਆ। ਸਮਾਗਮ ਦੀ ਤਿਆਰੀ ਲਈ ਮੈਡਮ ਸ਼ੀਤਲ ਅਤੇ ਮੈਡਮ ਕੰਚਨ ਨੂੰ ਵੀ ਸਨਮਾਨਤ ਕੀਤਾ ਗਿਆ। ਅੰਤ 'ਚ ਵਾਈਸ ਪ੍ਰਿੰਸੀਪਲ ਪੂਨਮ ਧੀਰ ਨੇ ਵਿਦਿਆਰਥੀਆਂ ਦੇ ਰੂਬਰੂ ਹੁੰਦਿਆਂ ਕਿਹਾ ਕਿ ਅਧਿਆਪਕਾਂ ਨੇ ਤੁਹਾਨੂੰ ਜੋ ਸਿੱਖਿਆ ਦਿੱਤੀ ਹੈ, ਆਸ ਕਰਦੇ ਹਾਂ ਕਿ ਤੁਸੀਂ ਉਸ 'ਤੇ ਪਹਿਰਾ ਦਿੰਦੇ ਹੋਏ ਇਕ ਚੰਗੇ ਤੇ ਨਰੋਏ ਸਮਾਜ ਦੀ ਸਿਰਜਣਾ ਕਰੋਗੇ । ਇਸ ਮੌਕੇ ਮੈਡਮ ਕੰਚਨ, ਸੋਨੀਆ, ਦੀਪਿਕਾ, ਡਿੰਪਲ, ਨੀਤੂ, ਰੇਖਾ ਸ਼ਰਮਾ, ਮੰਜੂ ਧੀਰ, ਮਮਤਾ, ਸ਼ੀਤਲ, ਤਮੰਨਾ, ਸਨਮ, ਭਾਰਤੀ, ਬਲਬੀਰ ਕੋਰ, ਸੋਰਭ ਜੇਤਨ, ਪਵਨ, ਆਸਥਾ, ਆਸ਼ਾ, ਰਵਨੀਤ ਆਦਿ ਸਟਾਫ਼ ਮੈਂਬਰ ਹਾਜਰ ਸਨ।

ਹਨੂਮਤ ਇੰਸਟੀਚਿਊਟ ਵਿਖੇ ਕਰਵਾਇਆ ਓਰਲ ਕੈਂਸਰ ਜਾਗਰੂਕਤਾ ਸੈਮੀਨਾਰ

ਗੁਰਾਇਆ ਬਿੰਦਰ (ਬਿੰਦਰ ਸੁਮਨ) ਸ਼੍ਰੀ ਹਨੂਮਤ ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਟੈਕਨਾਲੋਜੀ ਵਿਖੇ ਕਾਲਜ ਡਾਇਰੈਕਟਰ ਡਾ: ਸ਼ੈਲੀ ਰੇਖੀ ਸ਼ਰਮਾ ਦੀ ਅਗਵਾਈ ਹੇਠ ਬੈਚਲਰ ਆਫ ਮੈਡੀਕਲ ਲੈਬ ਸਾਇੰਸ ਪ੍ਰੋਗਰਾਮ ਤਹਿਤ ਫੋਰਟਿਸ ਹਸਪਤਾਲ ਦੇ ਸਹਿਯੋਗ ਨਾਲ ਮੂੰਹ ਦੇ ਕੈਂਸਰ ਸਬੰਧੀ ਜਾਗਰੂਕਤਾ ਸੈਮੀਨਾਰ ਦਾ ਆਯੋਜਨ ਕੀਤਾ ਗਿਆ।ਸੈਮੀਨਾਰ ਵਿੱਚ ਪ੍ਰਸਿੱਧ ਅਤੇ ਮਾਹਿਰ ਡਾ: ਅਨਮੋਲ ਰਤਨ ਨੇ ਮੂੰਹ ਦੇ ਕੈਂਸਰ ਦੇ ਖਤਰਿਆਂ, ਲੱਛਣਾਂ ਅਤੇ ਰੋਕਥਾਮ ਦੀਆਂ ਰਣਨੀਤੀਆਂ ਬਾਰੇ ਵੱਡਮੂੱਲੀ ਜਾਣਕਾਰੀ ਸਾਂਝੀ ਕੀਤੀ।ਕਾਲਜ ਡਾਇਰੈਕਟਰ ਡਾ. ਸ਼ੈਲੀ ਰੇਖੀ ਸ਼ਰਮਾ ਅਨੁਸਾਰ ਇਸ ਸੈਮੀਨਾਰ ਦਾ ਉਦੇਸ਼ ਕੈਂਸਰ ਵਰਗੀਆਂ ਘਾਤਕ ਬਿਮਾਰੀਆਂ ਦੇ ਮੁੱਖ ਵਿਸ਼ਿਆਂ ਬਾਰੇ ਜਾਗਰੂਕ ਕਰਨਾ ਸੀ।ਸੈਮੀਨਾਰ ਦੌਰਾਨ ਡਾ. ਅਨਮੋਲ ਰਤਨ ਨੇ ਮੂੰਹ ਦੇ ਕੈਂਸਰ ਦੇ ਜ਼ੋਖਮ ਦੇ ਕਾਰਕਾਂ ਅਤੇ ਕਾਰਨਾਂ, ਜਲਦੀ ਪਤਾ ਲਗਾਉਣ ਅਤੇ ਨਿਦਾਨ, ਇਲਾਜ ਦੇ ਵਿਕਲਪ ਅਤੇ ਪ੍ਰਬੰਧਨ, ਰੋਕਥਾਮ ਦੀਆਂ ਰਣਨੀਤੀਆਂ ਅਤੇ ਜੀਵਨ ਸ਼ੈਲੀ ਵਿੱਚ ਸੋਧਾਂ ਆਦਿ ਬਾਰੇ ਵਿਸਥਾਰ ਨਾਲ ਦੱਸਿਆ।ਡਾ: ਅਨਮੋਲ ਰਤਨ ਦੀ ਮੁਹਾਰਤ ਨੇ ਹਾਜ਼ਰੀਨ ਨੂੰ ਮੂੰਹ ਦੇ ਕੈਂਸਰ ਬਾਰੇ ਵਿਆਪਕ ਸਮਝ ਪ੍ਰਦਾਨ ਕੀਤੀ, ਤਾਂ ਜੋ ਉਹ ਆਪਣੀ ਸਿਹਤ ਸਬੰਧੀ ਫੈਸਲੇ ਲੈਣ ਦੇ ਯੋਗ ਹੋ ਸਕਣ। ਮੂੰਹ ਦੇ ਕੈਂਸਰ ਦੀ ਰੋਕਥਾਮ ਅਤੇ ਪ੍ਰਬੰਧਨ ਵਿੱਚ ਜਾਗਰੂਕਤਾ ਅਤੇ ਸਿੱਖਿਆ ਦੀ ਮਹੱਤਤਾ 'ਤੇ ਜ਼ੋਰ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਸ਼੍ਰੀ ਹਨੂਮਤ ਸੰਸਥਾ ਆਪਣੇ ਵਿਦਿਆਰਥੀਆਂ ਅਤੇ ਫੈਕਲਟੀ ਨੂੰ ਖੇਤਰ ਦੇ ਮਾਹਿਰਾਂ ਤੋਂ ਸਿੱਖਣ ਦੇ ਮੌਕੇ ਪ੍ਰਦਾਨ ਕਰਨ ਲਈ ਵਚਨਬੱਧ ਹੈ। ਉਨ੍ਹਾਂ ਨੇ ਭਵਿੱਖ ਵਿੱਚ ਹੋਰ ਗਿਆਨ ਭਰਪੂਰ ਪ੍ਰੋਗਰਾਮਾਂ ਦੀ ਮੇਜ਼ਬਾਨੀ ਲਈ ਸੰਸਥਾ ਦੀ ਵਚਨਬੱਧਤਾ ਵੀ ਪ੍ਰਗਟਾਈ। ਨਾਲ ਹੀ ਸੈਮੀਨਾਰ ਨੂੰ ਸਫਲ ਬਣਾਉਣ ਵਿੱਚ ਫੋਰਟਿਸ ਹਸਪਤਾਲ ਦੇ ਸਹਿਯੋਗ ਦੀ ਵੀ ਸ਼ਲਾਘਾ ਕੀਤੀ।ਸੈਮੀਨਾਰ ਵਿੱਚ ਹਾਜ਼ਰੀਨ ਨੇ ਇਸ ਦਾ ਭਰਪੂਰ ਲਾਭ ਉਠਾਇਆ ਅਤੇ ਜਾਣਕਾਰੀ ਭਰਪੂਰ ਚਰਚਾ ਨੂੰ ਸ਼ਲਾਘਾਯੋਗ ਦੱਸਿਆ।

ਗਦਰੀ ਬਾਬਾ ਬਚਨ ਸਿੰਘ ਮਹਿਤਪੁਰ ਦੇ ਪੋਤਰੇ ਜਸਵਿੰਦਰ ਸਿੰਘ ਦਿਓਲ, ਜੋ ਕਿ ਦੇਸ਼ ਭਗਤ ਯਾਦਗਾਰ ਹਾਲ ਦੀ ਉਸਾਰੀ ਵੇਲੇ ਇਸ ਨਾਲ ਜੁੜੇ ਰਹੇ, ਬੁੱਧਵਾਰ ਕੈਨੇਡਾ ਤੋਂ ਦੇਸ਼ ਭਗਤ ਯਾਦਗਾਰ ਹਾਲ ਆਪਣੇ ਮਿੱਤਰ ਪੱਤਰਕਾਰ ਗੁਰਮੇਲ ਸਿੰਘ ਰਾਏ ਨਾਲ ਉਚੇਚੇ ਤੌਰ 'ਤੇ ਪਹੁੰਚਣ ਸਮੇਂ ਕਮੇਟੀ ਵੱਲੋਂ ਉਨ੍ਹਾਂ ਨੂੰ ਕਿਤਾਬਾਂ ਦਾ ਸੈੱਟ ਭੇਟ ਕੀਤਾ ਗਿਆ।

ਕੰਨਿਆ ਸਕੂਲ 'ਚ ਕਰਵਾਈ ਮੈਗਾ ਐੱਸ ਐੱਮ ਸੀ ਮੀਟਿੰਗ

ਸ਼੍ਰੀ ਅਨੰਦਪੁਰ ਸਾਹਿਬ, (ਅਰਵਿੰਦਰ ਸਿੰਘ ਬਿੰਦੀ)— ਸਿੱਖਿਆ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਸਰਕਾਰੀ ਕੰਨਿਆ ਸੀਨੀਅਰ ਸੈਕੈਂਡਰੀ ਸਕੂਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਮੈਗਾ ਐਸ.ਐਮ.ਸੀ ਮੀਟਿੰਗ ਕਰਵਾਈ ਗਈ। ਜਿਸ ਵਿੱਚ ਸਮੂਹ ਐੱਸ ਐੱਮ ਸੀ ਮੈਂਬਰ ਸ਼ਾਮਿਲ ਹੋਏ। ਸਕੂਲ ਦੇ ਪ੍ਰਿੰਸੀਪਲ ਨੀਰਜ ਕੁਮਾਰ ਵਰਮਾ ਨੇ ਦੱਸਿਆ ਕਿ ਇਸ ਮੀਟਿੰਗ ਦਾ ਮੁੱਖ ਏਜੰਡਾ ਸਕੂਲਾਂ ਵਿੱਚ ਸਵੱਛਤਾ ਅਤੇ ਸਫਾਈ ਨੂੰ ਉਤਸ਼ਾਹਤ ਕਰਨਾ ਹੈ। ਮੀਟਿੰਗ ਵਿੱਚ ਸਕੂਲ ਦੀਆਂ ਪਹਿਲਕਦਮੀਆਂ ਅਤੇ ਯੋਜਨਾਵਾਂ ਬਾਰੇ ਚਰਚਾ ਕੀਤੀ ਗਈ ਤਾਂ ਜੋ ਸਕੂਲ ਨੂੰ ਲਗਾਤਾਰ ਬਿਹਤਰ ਬਣਾਇਆ ਜਾ ਸਕੇ ਅਤੇ ਵਿਦਿਆਰਥੀਆਂ ਦੇ ਭਵਿੱਖ ਨੂੰ ਉੱਜਵਲ ਕੀਤਾ ਜਾ ਸਕੇ। ਇਸ ਮੌਕੇ ਐਸ.ਐਮ.ਸੀ ਪ੍ਰਧਾਨ ਕੁਲਦੀਪ ਸਿੰਘ ਬੰਗਾ, ਸਮੂਹ ਐਸ.ਐਮ.ਸੀ ਮੈਂਬਰ ਅਤੇ ਸਕੂਲ ਦੇ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਦੇ ਕੀਤੇ ਚਲਾਨ

ਭੁਲੱਥ, (ਮਨਪ੍ਰੀਤ ਸਿੰਘ) ਏ. ਐਸ. ਆਈ ਸੁਖਵਿੰਦਰ ਸਿੰਘ ਅਤੇ ਏ.ਐਸ.ਆਈ ਗੁਰਦੀਪ ਸਿੰਘ ਦੇ ਯਤਨਾਂ ਸਦਕਾ, ਜਿਥੇ ਕਾਫੀ ਹੱਦ ਤੱਕ ਟਰੈਫਿਕ ਬਹਾਲ ਰੱਖੀ ਗਈ ਉਥੇ ਉਲੰਘਣਾ ਕਰਨ ਵਾਲਿਆਂ ਦੇ ਚਲਾਨ ਵੀ ਕੀਤੇ ਗਏ। ਟ੍ਰੈਫਿਕ ਟੀਮ ਵੱਲੋਂ ਕਸਬਾ ਭੁਲੱਥ ਦੇ ਮੋੜਾਂ ਅਤੇ ਚੌਕ ਵਿੱਚ ਟਰੈਫਿਕ ਕਾਬੂ ਰੱਖਣ ਲਈ ਯਤਨ ਕੀਤੇ ਜਾਂਦੇ ਹਨ ਅਤੇ ਪਰੈਸ਼ਰ ਹਾਰਨ, ਪਟਾਕਿਆ ਵਾਲੇ ਸਲੰਸਰ, ਗਲਤ ਪਾਰਕਿੰਗ, ਗੱਡੀਆਂ ਬਿਨਾਂ ਨੰਬਰ ਪਲੇਟ ਅਤੇ ਤਿੰਨ ਸਵਾਰੀਆਂ ਦੇ ਕਾਨੂੰਨ ਅਨੁਸਾਰ ਬਣਦੇ ਚਲਾਨ ਕੀਤੇ ਜਾਂਦੇ ਹਨ। ਇਹ ਟਰੈਫਿਕ ਟੀਮ ਕਸਬਾ ਭੁਲੱਥ, ਕਸਬਾ ਬੇਗੋਵਾਲ, ਕਸਬਾ ਨਡਾਲਾ ਵਿੱਚ ਵੱਖ ਵੱਖ ਟਾਈਮ 'ਤੇ ਸਰਗਰਮ ਰਹਿੰਦੀ ਹੈ ।

ਅਕਾਲਗੜ੍ਹ ਵਿਖੇ ਸਜਾਇਆ ਗੁਰੂ ਰਵਿਦਾਸ ਪ੍ਰਕਾਸ਼ ਪੁਰਬ ਨੂੰ ਸਮਰਪਤ ਨਗਰ ਕੀਰਤਨ

ਫਗਵਾੜਾ (ਡਾ. ਰਮਨ, ਢੱਡਾ) ਨਜ਼ਦੀਕੀ ਪਿੰਡ ਅਕਾਲਗੜ੍ਹ ਵਿਖੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੇ 648ਵੇਂ ਗੁਰਪੁਰਬ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵਲੋਂ ਪ੍ਰਧਾਨ ਗੁਰਨਾਮ ਪਾਲ ਦੀ ਦੇਖਰੇਖ ਹੇਠ ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਸ਼ਰਧਾ ਪੂਰਵਕ ਸਜਾਇਆ ਗਿਆ।ਨਗਰ ਕੀਰਤਨ ਦੀ ਅਰੰਭਤਾ ਹੌਂਡ ਗ੍ਰੰਥੀ ਭਾਈ ਗੁਲਜਾਰ ਸਿੰਘ ਅਕਾਲਗੜ੍ਹ ਨੇ ਸਰਬੱਤ ਦੇ ਭਲੇ ਦੀ ਅਰਦਾਸ ਨਾਲ ਕਰਵਾਈ।ਸੁੰਦਰ ਪਾਲਕੀ ਵਿਚ ਸੁਸ਼ੋਭਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਸਜਾਏ ਨਗਰ ਕੀਰਤਨ ਦਾ ਸੰਗਤਾਂ ਵਲੋਂ ਥਾਂ-ਥਾਂ ਤੇ ਫੁੱਲਾਂ ਦੀ ਵਰਖਾ ਨਾਲ ਨਿੱਘਾ ਸਵਾਗਤ ਕੀਤਾ ਗਿਆ। ਸੰਗਤਾਂ ਨੇ ਨਗਰ ਕੀਰਤਨ ਦੇ ਸਵਾਗਤ ਵਿਚ ਅਨੇਕਾਂ ਥਾਵਾਂ 'ਤੇ ਸੁੰਦਰ ਗੇਟ ਬਣਾਏ ਸਨ। ਸੰਗਤਾਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੁੰਦਰ ਰੁਮਾਲੇ ਭੇਂਟ ਕੀਤੇ ਅਤੇ ਅਸ਼ੀਰਵਾਦ ਲਿਆ। ਨਗਰ ਕੀਰਤਨ ਵਿਚ ਸ਼ਾਮਲ ਸੰਗਤਾਂ ਲਈ ਵੱਖ-ਵੱਖ ਪਕਵਾਨਾ

ਦੇ ਲੰਗਰ ਲਗਾਏ ਗਏ ਸਨ। ਵੱਖ-ਵੱਖ ਪੜਾਵਾਂ 'ਤੇ ਢਾਡੀ ਗਿਆਨੀ ਮੇਜਰ ਸਿੰਘ ਦੇ ਜੱਥੇ ਨੇ ਸੰਗਤਾਂ ਨੂੰ ਢਾਡੀ ਵਾਰਾਂ ਰਾਹੀਂ ਗੁਰੂ ਇਤਿਹਾਸ ਸਰਵਣ ਕਰਵਾਇਆ। ਸੋਨਾ ਬੈਂਸ ਐਂਡ ਮਿਊਜੀਕਲ ਗਰੁੱਪ ਫਗਵਾੜਾ ਨੇ ਧਾਰਮਿਕ ਗੀਤਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਸਰਪੰਚ ਮੀਨਾ ਰਾਣੀ, ਸਮਾਜ ਸੇਵਕ ਭਾਈ ਲਾਲ ਸਿੰਘ, ਗੁਰਮੇਲ ਸਿੰਘ ਸਕੱਤਰ, ਠੇਕੇਦਾਰ ਜਸਵਿੰਦਰ ਸਿੰਘ ਮਾਣਾ, ਰਾਮ ਲੁਭਾਇਆ ਹੀਰ, ਭਗਤ ਗੁਰਦਿਆਲ ਸਿੰਘ, ਜਸਵੰਤ ਸਿੰਘ ਫੌਜੀ, ਲਾਡੀ, ਕਮਲਜੀਤ ਕੌਰ, ਜਸਬੀਰ ਸਿੰਘ, ਕੁਲਵੰਤ ਸਿੰਘ ਕਲੋਟੀਆ, ਸਤਨਾਮ ਸਿੰਘ, ਤਰਸੇਮ ਲਾਲ, ਹਰਵਿੰਦਰ ਸਿੰਘ ਭੋਲਾ, ਸ਼ਾਮ ਲਾਲ, ਐਨ.ਆਰ.ਆਈ. ਸਤਨਾਮ ਸਿੰਘ ਸੱਤਾ, ਜਸਬੀਰ ਸਿੰਘ ਪ੍ਰਧਾਨ ਗੁਰਦੁਆਰਾ ਸਿੰਘ ਸਭਾ, ਰੋਸ਼ਨ ਲਾਲ ਪੱਪੂ, ਮੱਖਣ ਲਾਲ, ਰੂਪ ਲਾਲ, ਰਾਹੁਲ ਕੁਮਾਰ, ਜੋਗਿੰਦਰ ਪਾਲ ਕਾਲੂ, ਜਤਿੰਦਰ ਸਿੰਘ, ਜਰਨੈਲ ਸਿੰਘ, ਤਲਵਿੰਦਰ ਸਿੰਘ, ਸੁੱਚਾ ਸਿੰਘ, ਲਖਵੀਰ ਸਿੰਘ, ਜਸਵਿੰਦਰ ਸਿੰਘ ਪੰਚ, ਜੱਸੀ, ਲਖਵਿੰਦਰ ਚੰਦ, ਸੁਖਦੇਵ ਸਿੰਘ ਯੂ.ਐਸ.ਏ., ਜਗੀਰ ਸਿੰਘ ਯੂ.ਐਸ.ਏ., ਹਰਬੰਸ ਸਿੰਘ ਯੂ.ਐਸ.ਏ., ਬੋਬੀ ਕਲਸੀ, ਸਨੀ ਕਲਸੀ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਹਾਜਰ ਸਨ।

ਡਵੀਜਨ ਬੈਂਚ ਨੇ ਹਾਈ ਕੋਰਟ ਦੇ ਸਿੰਗਲ ਬੈਂਚ ਦੇ ਫੈਸਲੇ ਨੂੰ ਬਦਲਿਆ

ਚੰਡੀਗੜ੍ਹ (ਕ੍ਰਿਸ਼ਨ ਗਰਗ)- ਹਰਿਆਣਾ ਕਰਮਚਾਰੀ ਕਮਿਸ਼ਨ ਵੱਲੋਂ ਦਾਇਰ ਕੀਤੀ ਗਈ ਐਲਪੀਏ 'ਤੇ ਸੁਣਵਾਈ ਕਰਦੇ ਹੋਏ ਹਾਈ ਕੋਰਟ ਦੀ ਡਿਵੀਜਨ ਬੈਂਚ ਨੇ ਕਮਿਸ਼ਨ ਦੇ ਪ੍ਰਤੀ ਹਾਂ-ਪੱਖੀ ਰੁੱਖ ਵਿਖਾਉਂਦੇ ਹੋਏ ਉੱਚ ਹਾਈ ਕੋਰਟ ਦੇ ਸਿੰਗਲ ਬੈਂਚ ਦੇ ਫੈਸਲੇ ਨੂੰ ਬਦਲ ਦਿੱਤਾ ਹੈ। 2021 ਦੀ ਸੀਡਲਯੂਪੀ 22346 ਦੇ ਸਬੰਧ ਵਿਚ ਦਾਖਲ ਕੀਤੀ ਗਈ ਰਿਟ ਦੀ ਸੁਣਵਾਈ ਕਰਦੇ ਹੋਏ ਹਾਈ ਕੋਰਟ ਵੱਲੋਂ ਲਗਾਏ ਗਏ 10 ਲੱਖ ਰੁਪਏ ਦੀ ਕਾਸਟ ਨੂੰ ਹਾਈ ਕੋਰਟ ਦੀ ਡਿਵੀਜਨ ਬੈਂਚ ਨੇ ਖਤਮ ਕਰਨ ਦਾ ਫੈਸਲਾ ਦਿੱਤਾ ਹੈ। ਕਮਿਸ਼ਨ ਵੱਲੋਂ ਬੁਲਾਰੇ ਨੇ ਦਸਿਆ ਕਿ ਸਾਲ 2021 ਵਿਚ ਡੀਡੀਈਐਸਐਮ ਕੈਟਾਗਿਰੀ ਦੇ ਰਾਹੁਲ ਨਾਂਅ ਦੇ ਪਟੀਸ਼ਨਰ ਨੇ ਸੀਡਬਲਯੂਪੀ 23346 ਦਾਖਲ ਕੀਤੀ ਸੀ, ਜਿਸ 'ਤੇ 13 ਸਤੰਬਰ 2024 ਨੂੰ ਫੈਸਲਾ ਸੁਣਾਉਂਦੇ ਹੋਏ ਮਾਨਯੋਗ ਹਾਈ ਕੋਰਟ ਨੇ ਕਮਿਸ਼ਨ 'ਤੇ 10 ਲੱਖ ਰੁਪਏ ਦੀ ਕਾਸਟ ਅਤੇ ਪਟੀਸ਼ਨਰ ਦੀ ਰਿਟ 'ਤੇ ਵਿਚਾਰ ਕਰਨ ਦਾ ਫੈਸਲਾ ਦਿੱਤਾ ਸੀ। ਮਾਨਯੋਗ ਹਾਈ ਕੋਰਟ ਦੇ ਇਸ ਫੈਸਲੇ ਦੇ ਖਿਲਾਫ ਕਮਿਸ਼ਨ ਵੱਲੋਂ 2025 ਵਿਚ ਐਲਪੀਏ 130 ਦਾਖਲ ਕੀਤੀ ਸੀ ਅਤੇ 29 ਜਨਵਰੀ, 2025 ਨੂੰ ਜਿਸ 'ਤੇ ਮਾਨਯੋਗ ਹਾਈ ਕੋਰਟ ਨੇ ਸਿੰਗਲ ਬੈਂਚ ਦਾ ਫੈਸਲਾ ਬਦਲਦੇ ਹੋਏ ਕਮਿਸ਼ਨ 'ਤੇ ਲਗਾਈ ਗਈ 10 ਲੱਖ ਰੁਪਏ ਦੀ ਕਾਸਟ ਨੂੰ ਖਤਮ ਕਰਨ ਦਾ ਫੈਸਲਾ ਦਿੱਤਾ।ਬੁਲਾਰੇ ਨੇ ਦਸਿਆ ਕਿ ਹਰਿਆਣਾ ਕਰਮਚਾਰੀ ਚੋਣ ਕਮਿਸ਼ਨ ਸੂਬੇ ਦੇ ਨੌਜੁਆਨਾਂ ਨੂੰ ਪਾਰਦਰਸ਼ਤਾ ਨਾਲ ਨੌਕਰੀ ਦੇਣ ਲਈ ਲਗਾਤਾਰ ਯਤਨ ਕੀਤਾ ਹੈ ਅਜਿਹੇ ਵਿਚ ਜੇਕਰ ਕੋਈ ਮਨੁੱਖੀ ਕਮੀ ਰਹਿ ਵੀ ਜਾਂਦੀ ਹੈ ਤਾਂ ਉਸ 'ਤੇ ਹਾਂ-ਪੱਖੀ ਨਜ਼ਰ ਨਾਲ ਕੰਮ ਕਰਦੇ ਹੋਏ ਹਰੇਕ ਪਾਤਰ ਨੌਜੁਆਨ ਨੂੰ ਉਸ ਦੇ ਹੱਕ ਦਾ ਰੁਜ਼ਗਾਰ ਯਕੀਨੀ ਕਰਨਾ ਕਮਿਸ਼ਨ ਦਾ ਪਹਿਲਾ ਟੀਚਾ ਹੈ।

ਡੀ ਡੀ ਪੀ ਓ ਨੇ ਸੱਤੋਵਾਲੀ ਦੇ ਵਿਕਾਸ ਦਾ ਲਿਆ ਜਾਇਜ਼ਾ

ਆਦਮਪੁਰ (ਪਰਮਜੀਤ ਸਿੰਘ):- ਡੀ ਡੀ ਪੀ ਓ ਜਲੰਧਰ ਮੈਡਮ ਸੁਖਬੀਰ ਕੌਰ ਵੱਲੋਂ ਪਿੰਡ ਸਤੋਵਾਲੀ ਬਲਾਕ ਆਦਮਪੁਰ ਵਿੱਚ ਚੱਲ ਰਹੇ ਵਿਕਾਸ ਦੇ ਕੰਮਾਂ ਦਾ ਜਾਇਜ਼ਾ ਲਿਆ। ਉਹਨਾਂ ਨਾਲ ਅਮਰਜੀਤ ਸਿੰਘ ਬੀ ਡੀ ਪੀ ਓ ਆਦਮਪੁਰ, ਜੇ ਈ ਆਰਿਅਨ ਸਿਹਨਾ, ਗੁਰਪ੍ਰੀਤ ਸਿੰਘ ਗੋਪੀ ਅਤੇ ਬੀ ਡੀ ਪੀ ਓ ਆਦਮਪੁਰ ਦੀ ਟੀਮ ਮੌਕੇ 'ਤੇ ਮੌਜੂਦ ਹੋਈ। ਸਰਪੰਚ ਪਰਮਜੀਤ ਕੌਰ ਪਿੰਡ ਸੱਤੋਵਾਲੀ ਵੱਲੋਂ ਡੀ ਡੀ ਪੀ ਓ ਨੂੰ ਚੱਲ ਰਹੇ ਕੰਮ ਦੀ ਜਾਣਕਾਰੀ ਦਿੱਤੀ ਗਈ ਅਤੇ ਡ